# ਕੈਨੇਡਾ ਦਰਪਣ

ਜੁਲਾਈ 4, 1986

**July 4, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

WEEKENDING JULY 4, 1986 Vol. 5 No. 26 Price 35¢ Out of Greater Vancouver 50¢ Ph. (604)581-4473

ਅੰਦਰ ਪੜ੍ਹੋ :-


- ਕੈਨੇਡਾ ਦੇ ਸਿੱਖ ਗੁਰਦੁਆਰਾ ਸਾਹਿਬਾਨ —ਹਰਦਿਆਲ ਸਿੰਘ ਜੌਹਲ—
- ਕੈਨੇਡਾ ਅਤੇ ਕੈਨੇਡੀਅਨ ਲੋਕ —ਅਮਰਜੀਤ ਸੂਫੀ—
- ਕੈਨੇਡਾ ਵਿਚ ਉਭਰੇ ਗਦਰੀ ਯੋਧੇ —ਕੇਸਰ ਸਿੰਘ ਨਾਵਲਿਸਟ—
- ਇਹ ਬੇਭਰੋਸਗੀ ਦੀ ਹਾਲਤ —ਸੰਪਾਦਕੀ—
- ਕਹਾਣੀ — ਬਿਰਲਾਂ ਵਿਚੋਂ ਝਾਕਦਾ ਹਨੇਰਾ —ਗੁਰਬਚਨ ਸਿੰਘ ਭੁੱਲਰ—


## ਦੋਵਾਂ ਫਿਰਕਿਆਂ ਵਿਚ ਦੰਗੇ, ਫਸਾਦ

# ਅੰਮ੍ਰਿਤਸਰ ਅੱਗ ਦੀ ਲਪੇਟ ਵਿਚ

# ਪੰਜ ਵਿਅਕਤੀ ਮਰੇ, ਸੈਂਕੜੇ ਜ਼ਖਮੀ

## ਅੰਮ੍ਰਿਤਸਰ, ਨਕੋਦਰ, ਬਟਾਲਾ, ਕਰਫੀਊ ਅਧੀਨ

ਅੰਮ੍ਰਿਤਸਰ — ਪਿਛਲੇ ਤਿੰਨ ਦਿਨ ਤੋਂ ਗੁਰੂ ਦੀ ਨਗਰੀ ਕਸ਼ਟ ਵਿਚੋਂ ਗੁਜ਼ਰ ਰਹੀ ਹੈ। ਹਿੰਦੂ-ਸਿੱਖ ਫਸਾਦ ਭੜਕ ਪਏ ਹਨ। ਖਬਰਾਂ ਪੁਜਣ ਤੱਕ ਪੰਜ ਵਿਅਕਤੀ ਮਾਰੇ ਜਾ ਚੁਕੇ ਸਨ ਅਤੇ ਕਰੋੜਾਂ ਰੁਪਇਆਂ ਦਾ ਵਪਾਰ ਤਬਾਹ ਹੋ ਚੁਕਿਆ ਹੈ।

### ਸ਼ਿਵ ਸੈਨਾਂ ਵਲੋਂ ਅੱਗਾਂ

ਸੋਮਵਾਰ ਸ਼ਿਵ ਸੈਨਾ ਦੇ ਵਰਕਰਾਂ ਵਲੋਂ ਇਕ ਵਿਅਕਤੀ ਦੀ ਮੌਤ ਹੋਣ ਉਤੇ ਅਰਥੀ ਲਿਜਾਣ ਸਮੇਂ ਜਾ ਰਹੇ ਜਲੂਸ ਨੇ ਸਿੱਖਾਂ ਦੀਆਂ ਦੁਕਾਨਾਂ ਉਤੇ ਹਮਲੇ ਸ਼ੁਰੂ ਕੀਤੇ। ਅੱਗਾਂ ਲਗਾਈਆਂ ਗਈਆਂ। ਪੱਥਰ ਮਾਰੇ ਗਏ। ਪੰਦਰਾਂ ਵੀਹ ਸ਼ਿਵ ਸੈਨਾ ਵਰਕਰਾਂ ਨੇ ਇਕ ਰੇਲਵੇ ਅਧਿਕਾਰੀ ਸਰੂਪ ਸਿੰਘ ਦੇ ਘਰ ਉਤੇ ਹਮਲਾ ਕਰ ਦਿਤਾ ਜਿਸ ਵਿਚ ਸਰੂਪ ਸਿੰਘ ਦੀ ਮੌਤ ਹੋ ਗਈ।

### ਮੰਗਲਵਾਰ ਸਿੱਖਾਂ ਵਲੋਂ ਜਵਾਬੀ ਹਮਲਾ

ਅਗਲੇ ਦਿਨ ਸਿੱਖਾਂ ਦੇ ਜਜ਼ਬਾਤ ਭੜਕ ਪਏ। ਉਨ੍ਹਾਂ ਹਿੰਦੂਆਂ ਦੀਆਂ ਦੁਕਾਨਾਂ ਨੂੰ ਅੱਗਾਂ ਲਾਈਆਂ। ਪੰਜ ਵਿਅਕਤੀ ਮਾਰੇ ਜਾਣ ਦੀ ਖਬਰ ਹੈ।

### ਬਰਨਾਲਾ ਅੰਮ੍ਰਿਤਸਰ ਵਿਚ

ਪੰਜਾਬ ਦੇ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਪੁਲਸ ਚੀਫ ਰੇਬੇਰੋ ਅੰਮ੍ਰਿਤਸਰ ਪੁੱਜ ਗਏ ਹਨ। ਉਨ੍ਹਾਂ ਤੋਂ ਪਹਿਲਾਂ ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਰਾਜ ਮੰਤਰੀ ਗੁਨਾਮ ਨਬੀ ਆਜ਼ਾਦ 23 ਜੂਨ ਨੂੰ ਅੰਮ੍ਰਿਤਸਰ ਪੁੱਜੇ ਅਤੇ ਵੱਖ ਵੱਖ ਸੰਸਥਾਵਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕੀਤੀ।

### ਰਾਜੀਵ-ਬਰਨਾਲਾ ਵਾਰਤਾ

ਭਾਰਤ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਪੰਜਾਬ ਦੇ ਮੁੱਖ ਮੰਤਰੀ ਸ: ਬਰਨਾਲਾ ਨਾਲ ਟੈਲੀਫੋਨ ਉਤੇ ਗੱਲਬਾਤ ਕੀਤੀ ਅਤੇ ਕਿਹਾ ਕਿ ਫਿਰਕੂ ਫਸਾਦਾਂ ਨੂੰ ਰੋਕਿਆ ਜਾਵੇ। ਬਰਨਾਲਾ ਨੇ ਰਾਜੀਵ ਗਾਂਧੀ ਨੂੰ ਸੂਚਿਤ ਕੀਤਾ ਕਿ ਸਾਰੇ ਕਦਮ ਚੁਕੇ ਜਾ ਰਹੇ ਹਨ ਅਤੇ ਫਸਾਦਾਂ ਉਤੇ ਠਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਰਾਜੀਵ ਗਾਂਧੀ ਨੇ ਬਰਨਾਲਾ ਨੂੰ ਕਿਹਾ ਕਿ ਪੰਜਾਬ ਸਰਕਾਰ ਹਰਿਆਣੇ ਨੂੰ ਦਿਤੇ ਜਾਣ ਵਾਲੇ ਇਲਾਕਿਆਂ ਬਾਰੇ ਆਪਣੇ ਫੈਸਲੇ ਨੂੰ ਮੁੜ ਵਿਚਾਰੇ। ਯਾਦ ਰਹੇ ਕਿ ਪਿਛਲੇ ਸ਼ੁਕਰਵਾਰ ਪੰਜਾਬ ਦੇ ਮੰਤਰੀ ਮੰਡਲ ਨੇ ਨਵੇਂ ਬਣਾਏ ਕਮਿਸ਼ਨ ਜਿਸਦੀ ਅਗਵਾਈ ਸ੍ਰੀ ਡਿਸਾਈ ਰਿਟਾਇਰਡ ਜੱਜ ਕਰ ਰਹੇ ਹਨ ਦੀ ਨਿਯੁਕਤੀ ਨੂੰ ਰੱਦ ਕਰ ਦਿਤਾ ਸੀ। ਚੰਡੀਗੜ੍ਹ ਦਾ ਫੈਸਲਾ ਵਿਚੇ ਹੀ ਲਟਕ ਰਿਹਾ ਹੈ।

### ਰਸੂਲਪੁਰ ਵਿਚ ਗੰਨਮੈਨ ਹਲਾਕ

23 ਜੂਨ ਨੂੰ ਵੱਖ ਵੱਖ ਥਾਵਾਂ ਤੇ ਹਿੰਸਕ ਘਟਨਾਵਾਂ ਹੋਈਆਂ ਜਿਨ੍ਹਾਂ ਵਿਚ ਪੰਜ ਵਿਅਕਤੀ ਮਾਰੇ ਗਏ ਹਨ ਅਤੇ ਦੋ ਜ਼ਖਮੀ ਹੋਏ।

ਰਸੂਲਪੁਰ ਜੋ ਅੰਮ੍ਰਿਤਸਰ ਜ਼ਿਲੇ ਦਾ ਇਕ ਪਿੰਡ ਹੈ, ਵਿਚ ਇਕ ਗੰਨਮੈਨ ਹਲਾਕ ਕਰ ਦਿਤਾ ਗਿਆ। ਪੁਤਲੀਘਰ ਦੇ ਇਲਾਕੇ ਵਿਚ ਇਕ ਵਿਅਕਤੀ ਮਾਰਿਆ ਗਿਆ।

### ਟਿਊਬਵੈਲ ਉਤੇ ਗੋਲੀ

ਫੀਰੋਜ਼ਪੁਰ ਦੇ ਜ਼ੀਰੇ ਹਲਕੇ ਵਿਚ ਦੋ ਦਹਿਸ਼ਤਪਸੰਦਾਂ ਨੇ ਇਕ ਪਿੰਡ ਦੇ ਟਿਊਬਵੈਲ ਉਤੇ ਜਾ ਕੇ ਗੋਲੀ ਚਲਾਈ ਅਤੇ ਟਿਊਬਵੈਲ ਤੇ ਸੁੱਤਾ ਇਕ ਵਿਅਕਤੀ ਮਾਰ ਦਿਤਾ।

### ਖੰਨੇ ਕੋਲ ਸਕੂਟਰ ਵਾਲਾ ਕਤਲ

ਖੰਨੇ ਲਾਗੇ ਸਟੇਟ ਬਿਜਲੀ ਬੋਰਡ ਦਾ ਇਕ ਜੂਨੀਅਰ ਇੰਜਨੀਅਰ ਗੋਲੀ ਨਾਲ ਮਾਰਿਆ ਗਿਆ। ਕਾਤਲ ਮੋਟਰ ਸਾਈਕਲ ਉਤੇ ਆਏ ਅਤੇ ਉਸਦਾ ਸਕੂਟਰ ਵੀ ਲੈ ਗਏ।

### ਬੰਗੇ ਨੇੜੇ ਦੋ ਹਲਾਕ

ਬੰਗੇ ਦੇ ਇਲਾਕੇ ਵਿਚ ਦੋ ਵਿਅਕਤੀ ਹਲਾਕ ਹੋਣ ਦੀ ਖਬਰ ਹੈ।

# ਗੁਰਦੁਆਰਾ ਵਿਲੀਅਮਜ਼ਲੇਕ ਦੀ ਪ੍ਰਬੰਧਕ ਕਮੇਟੀ ਵਿਰੁੱਧ ਕੇਸ ਖਾਰਜ

## ਜੱਜ ਨੇ ਖਰਚਾ ਵੀ ਧਾਮੀ ਅਤੇ ਬਦੇਸ਼ਾ ਉਤੇ ਪਾ ਦਿਤਾ

ਵਿਲੀਅਮਜ਼ਲੇਕ — ਫੋਨ ਰਾਹੀਂ ਪ੍ਰਾਪਤ ਹੋਈ ਖਬਰ ਅਨੁਸਾਰ ਤਿੰਨ ਵਿਅਕਤੀਆਂ, ਜਿਨ੍ਹਾਂ ਦੇ ਨਾਂ ਤ੍ਰਿਲੋਚਨ ਸਿੰਘ ਧਾਮੀ, ਅਮਰਜੀਤ ਸਿੰਘ ਬਦੇਸ਼ਾ ਅਤੇ ਗੁਰਮੇਲ ਸਿੰਘ ਸਮਰਾ ਦੱਸੇ ਗਏ ਹਨ, ਨੇ ਸ਼੍ਰੋਮਣੀ ਅਕਾਲੀ ਦਲ ਦੀ ਸਮਰਥਕ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵਿਰੁੱਧ ਜੋ ਦੋਸ਼ ਲਾਏ ਸਨ ਉਹ ਬੀ. ਸੀ. ਸੁਪਰੀਮ ਕੋਰਟ ਦੇ ਜੱਜ ਨੇ ਰੱਦ ਕਰ ਦਿੱਤੇ ਹਨ ਅਤੇ ਖਰਚਾ ਵੀ ਕੇਸ ਕਰਨ ਵਾਲਿਆਂ ਸਿਰ ਪਾ ਦਿੱਤਾ ਹੈ।

ਇਸ ਕੇਸ ਦੀ ਸੁਣਵਾਈ 26 ਮਈ, 1986 ਨੂੰ ਵਿਲੀਅਮਜ਼ਲੇਕ ਵਿਚ ਹੋਈ ਸੀ। ਬੀ. ਸੀ. ਸੁਪਰੀਮ ਕੋਰਟ ਦੇ ਜੱਜ ਆਦਰਨੀਯ ਮਿ: ਕੇ. ਡੀ. ਹੂਟਨ ਨੇ ਸਾਰੇ ਦੋਸ਼ ਰੱਦ ਕਰਦਿਆਂ ਕਿਹਾ ਕਿ ਪ੍ਰਬੰਧਕ ਕਮੇਟੀ ਦੀ ਚੋਣ ਸਹੀ ਢੰਗ ਨਾਲ ਹੋਈ ਹੈ।

ਤ੍ਰਿਲੋਚਨ ਸਿੰਘ ਧਾਮੀ, ਅਮਰਜੀਤ ਸਿੰਘ ਬਦੇਸ਼ਾ ਅਤੇ ਗੁਰਮੇਲ ਸਿੰਘ ਸਮਰਾ ਨੇ ਦੋਸ਼ ਲਗਾਏ ਸਨ ਕਿ ਕੁਝ ਵੋਟਰਾਂ ਦੇ ਨਾਂ ਜਾਣ ਬੁਝ ਕੇ ਰੱਦ ਕਰ ਦਿਤੇ ਗਏ ਹਨ ਅਤੇ ਐਗਜ਼ੇਕਟਿਵ ਕਮੇਟੀ ਨੇ ਸੁਸਾਇਟੀ ਦੇ ਬਾਈ-ਲਾਅ ਦੀ ਉਲੰਘਣਾ ਕੀਤੀ ਹੈ।

ਇਹ ਵੀ ਦੱਸਿਆ ਗਿਆ ਕਿ ਸੁਣਵਾਈ ਤੋਂ ਪਹਿਲਾਂ ਗੁਰਮੇਲ ਸਿੰਘ ਸਮਰਾ ਨੇ ਆਪਣਾ ਦਿਤਾ ਐਫੀਡੇਵਿਟ ਵਾਪਸ ਲੈ ਲਿਆ ਸੀ। ਇਸ ਤਰ੍ਹਾਂ ਧਾਮੀ ਅਤੇ ਬਦੇਸ਼ਾਂ ਵਲੋਂ ਹੀ ਕੇਸ ਰਹਿ ਗਿਆ ਸੀ।

(ਇਸ ਫੈਸਲੇ ਦੀ ਪੂਰੀ ਰੀਪੋਰਟ ਅਗਲੇ ਅੰਕ ਵਿਚ)

## ਕੈਨੇਡਾ ਡੇ ਵਿਸ਼ੇਸ਼ ਅੰਕ


## ਵਿਰਕ ਫ਼ਾਰਮਵਰਕਰਜ਼ ਸਪਲਾਈ ਕੰਪਨੀ ਲਿਮਟਿਡ

ਨੂੰ

## ਫ਼ਾਰਮ ਵਰਕਰਾਂ ਦੀ ਲੋੜ ਹੈ

ਸਾਡੇ ਕੋਲ ਸਟਰਾਅ ਬੇਰੀ, ਰਸ ਬੇਰੀ, ਬਲੂ ਬੇਰੀ, ਗੋਭੀ, ਛੱਲੀਆਂ ਅਤੇ Winter ਬੇਰੀ ਦਾ ਕੰਮ ਹੈ। ਸਾਰਾ ਸੀਜ਼ਨ ਕੰਮ ਚੱਲੇਗਾ। ਘਰੋਂ ਕੰਮ ਤੇ ਅਤੇ ਕੰਮ ਤੋਂ ਘਰ ਛੱਡਿਆ ਜਾਵੇਗਾ। ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।

ਹੋਰ ਜਾਣਕਾਰੀ ਲਈ ਫੋਨ ਕਰੋ :

ਫੋਨ : 325-1027 ਜਾਂ 321-4963

ਭਗਤ ਸਿੰਘ

# 'ਹਾਦਸੇ ਦੇ ਜ਼ਿਮੇਂਵਾਰ ਬਚ ਨਹੀਂ ਸਕਣਗੇ' ਕਲਾਰਕ

## ਏਅਰ ਇੰਡੀਆ ਦੇ ਹਾਦਸੇ ਦੇ ਸ਼ਿਕਾਰ ਲੋਕਾਂ ਦੀ ਯਾਦਗਾਰ ਬਣੀ




ਆਇਰਲੈਂਡ — 1985 ਦੀ 23 ਜੂਨ ਨੂੰ ਏਅਰ-ਇੰਡੀਆ ਦਾ ਜਹਾਜ਼ ਜੋ ਦਹਿਸ਼ਤਪਸੰਦਾਂ ਵਲੋਂ ਅਸਮਾਨ ਵਿਚ ਹੀ ਬੰਬ ਨਾਲ ਉਡਾ ਦਿਤਾ ਗਿਆ ਸੀ ਉਸ ਵਿਚ ਮਾਰੇ ਗਏ 329 ਮੁਸਾਫਰਾਂ ਦੀ ਯਾਦ ਵਿਚ ਇਕ ਯਾਦਗਾਰੀ ਪਲੇਕ ਇਥੇ ਲਾਈ ਗਈ ਜਿਸ ਉਤੋਂ ਪਰਦਾ ਹਟਾਉਣ ਦੀ ਰਸਮ ਕੈਨੇਡਾ ਦੇ ਬਦੇਸ਼ ਮੰਤਰੀ ਜੋਅ ਕਲਾਰਕ ਅਤੇ ਭਾਰਤ ਦੇ ਬਦੇਸ਼ ਮੰਤਰੀ ਪੀ. ਸ਼ਿਵ ਸ਼ੰਕਰ ਨੇ ਅਦਾ ਕੀਤਾ।

ਹੰਝੂਆਂ ਭਰੀਆਂ ਅੱਖਾਂ ਨਾਲ ਮਾਰੇ ਗਏ ਵਿਅਕਤੀਆਂ ਦੇ ਰਿਸ਼ਤੇਦਾਰਾਂ ਨੇ ਪਾਣੀ ਵਿਚ ਫੁੱਲ-ਪੱਤੀਆਂ ਭੇਟਾ ਕੀਤੀਆਂ।

**197 ਲਾਸ਼ਾਂ ਅਜੇ ਤੱਕ ਨਹੀਂ ਮਿਲ ਸਕੀਆਂ। ਬਦੇਸ਼ ਮੰਤਰੀ ਜੋਅ ਕਲਾਰਕ ਨੇ ਦਹਿਸ਼ਤਪਸੰਦਾਂ ਨੂੰ ਚਿਤਾਵਨੀ ਦਿੰਦਿਆਂ ਕਿਹਾ "ਕੈਨੇਡਾ ਸਰਕਾਰ ਉਨਾ ਚਿਰ ਆਰਾਮ ਨਾਲ ਨਹੀਂ ਬੈਠੇਗੀ ਜਦ ਤੱਕ ਇਨ੍ਹਾਂ ਬੇਕਸੂਰ ਲੋਕਾਂ ਦੇ ਕਾਤਲਾਂ ਨੂੰ ਇਨਸਾਫ ਦੇ ਕਟਹਿਰੇ ਵਿਚ ਨਹੀਂ ਲਿਆਂਦਾ ਜਾਂਦਾ। ਜੋ ਇਸ ਜਹਾਜ਼ ਨੂੰ ਖਤਮ ਕਰਨ ਦੇ ਜ਼ਿਮੇਂਵਾਰ ਹਨ ਉਹ ਬਚ ਕੇ ਨਹੀਂ ਨਿਕਲ ਸਕਣਗੇ।"**

ਸ੍ਰੀ ਕਲਾਰਕ ਨੇ ਕਿਹਾ, "ਇਸ ਜਹਾਜ਼ ਨੂੰ ਉਡਾਉਣ ਵਾਲਿਆਂ ਨੇ ਬੇਕਸੂਰ ਪ੍ਰਵਾਰ ਤਬਾਹ ਕੀਤੇ ਹਨ ਅਤੇ ਅਧੁਨਿਕ ਸਮਾਜ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਨੂੰ ਠੇਸ ਪਹੁੰਚਾਈ ਹੈ।"

150 ਦੇ ਕਰੀਬ ਰਿਸ਼ਤੇਦਾਰ ਆਇਰਲੈਂਡ ਪੁਜੇ ਹੋਏ ਸਨ ਪਰ ਰਿਸ਼ਤੇਦਾਰ ਕੈਨੇਡਾ ਅਤੇ ਭਾਰਤ ਸ਼ਰਕਾਰ ਵਲੋਂ ਕੀਤੇ ਗਏ ਕੰਮ ਤੋਂ ਨਾਰਾਜ਼ ਸਨ। ਬਹੁਤੇ ਰਿਸ਼ਤੇਦਾਰਾਂ ਨੂੰ ਇਹ ਗਿਲਾ ਸੀ ਕਿ ਦੋਸ਼ੀਆਂ ਨੂੰ ਅਜੇ ਤੱਕ ਫੜਿਆ ਕਿਉਂ ਨਹੀਂ ਗਿਆ। ਕਾਫੀ ਰਿਸ਼ਤੇਦਾਰਾਂ ਨੂੰ ਇਹ ਵੀ ਗਿਲਾ ਸੀ ਕਿ 197 ਲਾਸ਼ਾਂ ਅਜੇ ਤੱਕ ਮਲਬੇ ਵਿਚ ਸਮੁੰਦਰ ਥੱਲੇ ਪਈਆਂ ਹਨ — ਉਨ੍ਹਾਂ ਨੂੰ ਕੱਢਣ ਦੇ ਉਪਰਾਲੇ ਨਹੀਂ ਕੀਤੇ ਗਏ।

ਯੋਮੇਸ਼ ਧਾਲੀਵਾਲ ਨੇ ਕਿਹਾ ਕਿ ਅਸੀਂ ਤਾਂ ਮਰੇ ਹੋਇਆਂ ਦੇ ਮੂੰਹ ਦੇਖਣ ਨੂੰ ਤਰਸ ਰਹੇ ਹਾਂ। ਅਸੀਂ ਆਪਣੀਆਂ ਧਾਰਮਿਕ ਰਹੁ-ਰੀਤਾਂ ਨਾਲ ਅੰਤਮ ਸਸਕਾਰ ਕਰਨਾ ਚਾਹੁੰਦੇ ਹਾਂ।"

ਯਾਦਗਾਰ ਵਾਲੀ ਥਾਂ ਉਤੇ 14 ਪਲੇਕਾਂ ਲਾਈਆਂ ਗਈਆਂ ਹਨ ਜਿਨ੍ਹਾਂ ਉਤੇ ਮਰਨ ਵਾਲਿਆਂ ਦੇ ਨਾਂ ਉਕਰੇ ਹੋਏ ਹਨ। ਇਕ ਪਲੇਕ ਤੋਂ ਪਰਦਾ ਹਟਾਉਣ ਦੀ ਰਸਮ ਵੈਨਕੂਵਰ ਦੇ ਨੌ ਸਾਲਾ ਬੱਚੇ ਐਡੀ ਮਦਾਨ ਨੇ ਨਿਭਾਈ ਜਿਸਦਾ ਪਿਤਾ ਹਾਦਸੇ ਵਿਚ ਮਾਰਿਆ ਗਿਆ। ਉਸਦੇ ਨਾਲ ਟਰਾਂਟੋ ਦੀ ਬੱਚੀ ਨਿਸ਼ਾ ਬੈਂਪੀ ਵੀ ਸੀ ਜਿਸਦੀ ਮਾਤਾ ਇਸ ਹਾਦਸੇ ਦਾ ਸ਼ਿਕਾਰ ਹੋਈ।

**ਇਕ ਅਧਿਕਾਰੀ ਨੇ ਇਥੇ ਦੱਸਿਆ ਕਿ ਕੈਨੇਡਾ ਸਰਕਾਰ ਨੂੰ ਬੰਬ ਰੱਖਣ ਵਾਲੇ ਵਿਅਕਤੀਆਂ ਦੀ ਪੂਰੀ ਜਾਣਕਾਰੀ ਮਿਲ ਚੁੱਕੀ ਹੈ ਪਰ ਠੋਸ ਸਬੂਤਾਂ ਦੇ ਆਧਾਰ ਉਤੇ ਹੀ ਕੇਸ ਸ਼ੁਰੂ ਹੋਵੇਗਾ। ਉਸਨੇ ਕਿਹਾ ਜਿਥੇ ਇਹ ਹਾਦਸਾ ਦੁਨੀਆਂ ਦੇ ਭਿਆਨਕ ਹਵਾਈ ਹਾਦਸਿਆਂ ਵਿਚ ਸਭ ਤੋਂ ਵੱਡਾ ਹੈ ਉਥੇ ਕੈਨੇਡਾ ਸਰਕਾਰ ਦੀ ਮੁਸ਼ਕਲ ਕੌਮਾਂਤਰੀ ਕਾਰਨਾਂ ਕਰਕੇ ਵੀ ਹੈ।**

**ਪਰ ਅਧਿਕਾਰੀ ਨੇ ਕਿਹਾ ਕਿ ਇਸ ਹਾਦਸੇ ਦੇ ਜ਼ਿਮੇਂਵਾਰ ਪੁਲਸ ਦੀਆਂ ਨਜ਼ਰਾਂ ਤੋਂ ਛੁਪੇ ਨਹੀਂ ਹਨ।**

## ਅੰਮ੍ਰਿਤਸਰ ਵਿਚ ਅੱਠ ਵਿਅਕਤੀ ਕਤਲ

ਅੰਮ੍ਰਿਤਸਰ — ਇਥੋਂ ਨੇੜੇ ਇਕ ਪਿੰਡ ਵਿਚ ਦਹਿਸ਼ਤਪਸੰਦਾਂ ਨੇ ਅੱਠ ਵਿਅਕਤੀ ਕਤਲ ਕਰ ਦਿਤੇ। ਇਸ ਘਟਨਾ ਦਾ ਪਤਾ ਲੱਗਦਿਆਂ ਹੀ ਇਕ ਫਿਰਕੇ ਦੇ ਲੋਕਾਂ ਨੇ ਆਪਣੀਆਂ ਦੁਕਾਨਾਂ ਬੰਦ ਕਰ ਦਿੱਤੀਆਂ।


## ਫਾਰਮਾਂ ਵਿਚ ਕੰਮ ਕਰਨ ਵਾਲਿਆਂ ਦੀ ਲੋੜ!

ਫਾਰਮਾਂ ਵਿਚ ਕੰਮ ਕਰਨ ਵਾਲਿਆਂ ਦੀ ਲੋੜ ਹੈ

- ਕੰਮ ਦਸੰਬਰ ਤੱਕ ਚੱਲੇਗਾ
- ਜੇਕਰ ਤੁਸੀਂ ਚੰਗੇ ਪੈਸੇ ਕਮਾਉਣੇ ਚਾਹੁੰਦੇ ਹੋ ਤਾਂ ਸਾਡੇ ਕੋਲ ਬਹੁਤ ਚੰਗੇ ਕੰਟਰੈਕਟ ਹਨ।
- ਕੰਮ ਤੇ ਲਿਜਾਣ ਦਾ ਚੰਗਾ ਪ੍ਰਬੰਧ ਹੈ।
- ਕੀਤੇ ਕੰਮ ਦੀਆਂ ਸਟੈਂਪਾਂ ਦਿੱਤੀਆਂ ਜਾਣਗੀਆਂ।
- ਪੈਸੇ ਵਕਤ ਸਿਰ ਦਿੱਤੇ ਜਾਣਗੇ।
- 2 ਡਾਲਰ 75 ਸੈਂਟ ਫਲੈਟ ਦੇ ਅਤੇ 4 ਡਾਲਰ ਘੰਟੇ ਦੇ ਦਿਆਂਗੇ।
- ਸਾਡੇ ਕੋਲ ਸਟਰਾਅ ਬੇਰੀ, ਰਸ ਬੇਰੀ, ਬਿਲੂ ਬੇਰੀ, ਗੋਭੀ, ਬਰੌਕਲੀ ਅਤੇ ਸਪਰੌਟਾਂ ਦਾ ਕੰਮ ਹੈ।

ਸਾਨੂੰ ਇਕ ਵੈਨ ਡਰਾਈਵਰ ਦੀ ਵੀ ਲੋੜ ਹੈ



ਅੱਜ ਹੀ ਫੋਨ ਕਰੋ :
**ਰਣਜੀਤ ਸਿੰਘ ਗਿੱਲ**
**596-1843**



ਬਰਨਬੀ ਵਿਚ ਨਵਾਂ ਗਰੌਸਰੀ ਸਟੋਰ

## ਸੈਂਟਰਲ ਮਾਰਕਿਟ

ਹੁਣ ਤੁਸੀਂ ਹਰ ਕਿਸਮ ਦੀ ਭਾਰਤੀ ਗਰੌਸਰੀ, ਵਧੀਆ ਅਤੇ ਵਾਜਬ ਕੀਮਤਾਂ ਵਿਚ ਇਥੋਂ ਪ੍ਰਾਪਤ ਕਰੋ — ਤਾਜ਼ੀਆਂ ਸਬਜ਼ੀਆਂ ਵੀ ਮਿਲ ਸਕਦੀਆਂ ਹਨ

ਸਟੋਰ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ — ਸਵੇਰੇ 9.00 ਵਜੇ ਤੋਂ ਸ਼ਾਮ ਦੇ 9.00 ਵਜੇ ਤੱਕ

**CENTRAL MARKET**

7421 Edmonds Street, BURNABY, B.C.

**Ph. 521-7903**

# ਲੋਅਰ ਮੇਨਲੈਂਡ ਦੇ ਗੁਰਦੁਆਰਿਆਂ ਵਲੋਂ ਹਿੰਸਾ ਦੀ ਨਿਖੇਧੀ

ਵੈਨਕੂਵਰ — ਇਕ ਅੰਗਰੇਜ਼ੀ ਵਿਚ ਭੇਜੀ ਪ੍ਰੈਸ ਰੀਲੀਜ਼ ਰਾਹੀਂ ਚਾਰ ਗੁਰਦੁਆਰਿਆਂ ਦੇ ਪ੍ਰਧਾਨਾਂ ਨੇ ਹਿੰਸਾ ਦੀ ਨਿਖੇਧੀ ਕਰਦਿਆਂ ਕਿਹਾ ਹੈ ਕਿ 'ਅਸੀਂ ਸਪੱਸ਼ਟ ਤੌਰ ਉਤੇ ਹਿੰਸਾ ਦੀ ਨਿਖੇਧੀ ਕਰਦੇ ਹਾਂ।"

**'ਗਲੋਬ ਐਂਡ ਮੇਲ' ਅਨੁਸਾਰ ਰੌਸ ਗੁਰਦੁਆਰੇ ਦੇ ਪ੍ਰਧਾਨ ਜੋਗਿੰਦਰ ਸਿੰਘ ਸਿੱਧੂ ਨੇ ਕਿਹਾ ਕਿ 'ਸਾਡੀ ਸੁਸਾਇਟੀ ਨੇ ਪਬਲਿਕ ਤੌਰ ਉਤੇ ਕਦੇ ਖਾਲਿਸਤਾਨ ਦੀ ਮੰਗ ਦਾ ਸਮਰਥਨ ਨਹੀਂ ਕੀਤਾ।"**

**ਸ੍ਰੀ ਸਿੱਧੂ ਨੇ ਕਿਹਾ, "ਖਾਲਿਸਤਾਨ ਸਾਡੇ ਉਤੇ ਠੋਸਿਆ ਜਾ ਰਿਹਾ ਹੈ।"**

ਜੋਗਿੰਦਰ ਸਿੰਘ ਸਿੱਧੂ ਨੇ ਕਿਹਾ ਖਾਲਸਾ ਦੀਵਾਨ ਸੁਸਾਇਟੀ ਪੂਰੀ ਤਰ੍ਹਾਂ ਧਾਰਮਿਕ ਹੈ ਅਤੇ ਰਾਜਸੀ ਖਲਜਗਣ ਵਿਚ ਨਹੀਂ ਪੈਣਾ ਚਾਹੁੰਦੀ। ਪਰ ਉਸਨੇ ਕਿਹਾ ਕਿ ਸਾਡੇ ਧੜੇ ਦਾ ਇਹ ਵਿਸ਼ਵਾਸ਼ ਹੈ ਕਿ ਭਾਰਤ ਸਰਕਾਰ ਸਿਖ ਧਰਮ ਨੂੰ ਖਤਮ ਕਰਨਾ ਚਾਹੁੰਦੀ ਹੈ।

ਗੁਰਦੁਆਰਿਆਂ ਦੇ ਪ੍ਰਧਾਨਾਂ ਨੇ ਇਹ ਵੀ ਕਿਹਾ ਕਿ ਥੋੜੇ ਜਿਹੇ ਵਿਅਕਤੀਆਂ ਦੇ ਅਖੌਤੀ ਦੋਸ਼ਾਂ ਨੂੰ ਸਾਰੀ ਸਿੱਖ ਕਮਿਉਨਿਟੀ ਦੇ ਨਾਂ ਨਹੀਂ ਮੜ੍ਹਿਆ ਜਾਣਾ ਚਾਹੀਦਾ।

ਪ੍ਰਧਾਨਾਂ ਨੇ ਇਹ ਵੀ ਕਿਹਾ ਹੈ ਕਿ ਹੋ ਸਕਦਾ ਹੈ ਕਿ ਭਾਰਤ ਸਰਕਾਰ ਇਨ੍ਹਾਂ ਘਟਨਾਵਾਂ ਲਈ ਜ਼ਿੰਮੇਂਵਾਰ ਹੋਵੇ।

ਪ੍ਰੈਸ ਰੀਲੀਜ਼ ਵਿਚ ਪ੍ਰਧਾਨਾਂ ਨੇ ਇਹ ਵੀ ਕਿਹਾ ਹੈ ਕਿ ਉਹ ਕੈਨੇਡਾ ਸਰਕਾਰ ਨੂੰ ਭਰੋਸਾ ਦਿਵਾਉਂਦੇ ਹਨ ਕਿ ਉਹ ਕੈਨੇਡਾ ਦੇ ਵਫਾਦਾਰ ਅਤੇ ਕਾਨੂੰਨ ਮੰਨਣ ਵਾਲੇ ਸ਼ਹਿਰੀ ਹਨ।

# ਨਕੋਦਰ ਵਿਚ ਫਿਰ ਕਰਫੀਊ

ਨਕੋਦਰ — ਇਥੇ ਕੱਲ੍ਹ ਫਿਰ ਸਾਰੇ ਸ਼ਹਿਰ ਵਿਚ ਕਰਫੀਊ ਲਾ ਦਿਤਾ ਗਿਆ ਜਿਸ ਸਮੇਂ ਹਿੰਦੂ ਅਤੇ ਸਿੱਖਾਂ ਵਿਚਕਾਰ ਤਕਰਾਰ ਵਧਿਆ। ਸ਼ਿਵ ਸੈਨਾ ਦੇ ਹੁਲੜਬਾਜ਼ਾਂ ਨੇ ਸਿੱਖਾਂ ਦੀਆਂ ਦੁਕਾਨਾਂ ਉਪਰ ਪੱਥਰ ਮਾਰੇ ਅਤੇ ਕਾਫੀ ਲੋਕ ਜ਼ਖਮੀ ਹੋਏ।

ਸਿੱਖਾਂ ਵਲੋਂ ਵਿਰੋਧੀ ਪ੍ਰਦਰਸ਼ਨ ਕੀਤਾ ਗਿਆ ਅਤੇ ਇਕ ਵੱਡਾ ਹਜੂਮ ਪੁਲਸ ਸਟੇਸ਼ਨ ਪਹੁੰਚ ਗਿਆ।


EXPLORE INDIA



10 Master Artisans from India and over 1,500 artifacts bring to life 5,000 years of science, crafts and technology of India.

Experience INDIA: A FESTIVAL OF SCIENCE at the Pacific Science Center, July 2 through October 31, 1986.

PACIFIC SCIENCE CENTER

200 Second Avenue North Seattle, Washington 98109


# ਮਲਕੀਅਤ ਸਿੰਘ ਸਿੱਧੂ ਕੇਸ ਦੇ ਕਥਿਤ ਦੋਸ਼ੀਆਂ ਜੇਲ੍ਹ ਬਦਲਣ ਦੀ ਮੰਗ ਕੀਤੀ

## "ਦੂਜੇ ਕੈਦੀ ਤੰਗ ਕਰਦੇ ਹਨ"

ਕੈਂਮਬਲ ਰਿਵਰ — 'ਸਨ' ਅਖਬਾਰ ਦੀ ਖਬਰ ਅਨੁਸਾਰ ਪੰਜਾਬ ਦੇ ਪਲਾਨਿੰਗ ਮੰਤਰੀ ਮਲਕੀਅਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲਾ ਕਰਨ ਦੇ ਕਥਿਤ ਦੋਸ਼ ਵਿਚ ਫੜੇ ਜਸਪਾਲ ਸਿੰਘ ਅਟਵਾਲ, ਜਸਬੀਰ ਸਿੰਘ ਅਟਵਾਲ, ਸੁਖਵਿੰਦਰ ਸਿੰਘ ਗਿੱਲ ਅਤੇ ਅਮਰਜੀਤ ਸਿੰਘ ਢੀਂਡਸਾ ਨੇ ਮੰਗ ਕੀਤੀ ਹੈ ਕਿ ਉਨ੍ਹਾਂ ਨੂੰ ਔਕਾਲਾ ਜੇਲ੍ਹ ਵਿਚੋਂ ਬਦਲਿਆ ਜਾਵੇ ਕਿਉਂਕਿ ਉਥੇ ਉਨ੍ਹਾਂ ਨਾਲ ਦੁਰਵਿਵਹਾਰ ਹੁੰਦਾ ਹੈ।

ਜੱਜ ਈ. ਡੀ. ਸਮਿਟ ਨੂੰ ਕਥਿਤ ਦੋਸ਼ੀਆਂ ਦੇ ਵਕੀਲ ਜੋਫ ਗਰੀਨ ਨੇ ਕਿਹਾ ਕਿ ਉਨ੍ਹਾਂ ਵਿਰੁੱਧ ਗੰਦੀ ਭਾਸ਼ਾ ਵਰਤੀ ਜਾਂਦੀ ਹੈ ਅਤੇ ਬੇਇਜ਼ਤੀ ਕੀਤੀ ਜਾਂਦੀ ਹੈ।

ਪਰ ਜੱਜ ਨੇ ਕਿਹਾ ਕਿ ਉਨ੍ਹਾਂ ਨੂੰ ਸਰਕਾਰੀ ਵਕੀਲ ਨਾਲ ਗੱਲ ਕਰਨੀ ਚਾਹੀਦੀ ਹੈ।

ਨਨਾਇਮੋ ਦੇ ਡਿਪਟੀ ਰਿਜਨਲ ਕਰਾਊਨ ਪ੍ਰੌਸੀਕਿਊਟਰ ਜਿਮ ਟੇਲਰ ਨੇ ਕਿਹਾ ਕਿ ਉਹ ਕੇਸ ਦੀ ਤਿਆਰੀ ਵਿਚ ਰੁਝੇ ਹੋਏ ਹਨ।

ਕਥਿਤ ਦੋਸ਼ੀਆਂ ਦੀ ਅਗਲੀ ਪੇਸ਼ੀ 22 ਸਤੰਬਰ ਦੀ ਪਾਈ ਗਈ ਹੈ।


PIZZA 222 TRADEMARK

The No. 1 PIZZA Company

ਹੁਣ ਤੁਹਾਨੂੰ 'ਪੀਜ਼ਾ' ਲੈਣ ਲਈ ਹੋਰ ਕਿਸੇ
ਥਾਂ ਜਾਣ ਦੀ ਲੋੜ ਨਹੀਂ
ਪੀਜ਼ਾ 222 ਦਾ "ਪਾਰਟੀ ਪੀਜ਼ਾ"
ਗਰੇਟਰ ਵੈਨਕੂਵਰ ਵਿਚ ਨੰਬਰ 1 ਪੀਜ਼ਾ

Announcement

Picture This ...

2 LARGE PIZZAS $15.99



ਸਾਡੀਆਂ ਹੋਰ ਸਪੈਸ਼ਲ ਆਈਟਮਾਂ
ਲਈ ਉਪਰੇਟਰ ਤੋਂ ਪੁੱਛੋ
ਜਿਸ ਸਾਈਜ਼ ਵਿਚ ਵੀ ਤੁਹਾਨੂੰ ਪੀਜ਼ਾ ਚਾਹੀਦਾ
ਹੈ — ਉਸ ਵਿਚ ਹੀ ਮਿਲੇਗਾ

16 LOCATIONS IN GREATER VANCOUVER

JUST CALL THE MAGIC NUMBER **222-2222**

**Also ask the operator for other specials. ... or just create your own favorite pizza in any size you desire.**

VISA MasterCard

Hours: 4 p.m. to 2 a.m. Sunday to Wednesday, 4 p.m. to 3 a.m. Thursday, Friday & Saturday

# ਅਰੁਣ ਨਹਿਰੂ ਦਾ ਪੱਤਾ ਕੱਟ ਦਿਤਾ

ਨਵੀਂ ਦਿੱਲੀ — ਅੰਦਰੂਨੀ ਸੁਰੱਖਿਆ ਦੇ ਮਾਮਲਿਆਂ ਦੇ ਰਾਜ ਮੰਤਰੀ ਸ੍ਰੀ ਅਰੁਣ ਨਹਿਰੂ, ਜਿਨ੍ਹਾਂ ਨੂੰ ਪਿਛਲੇ ਦਿਨ ਹੀ ਹਸਪਤਾਲ ਤੋਂ ਛੁੱਟੀ ਮਿਲੀ ਸੀ, ਮੰਤਰੀ ਮੰਡਲ ਤੋਂ ਵੱਖ ਕਰ ਦਿਤੇ ਗਏ ਹਨ।

ਸ੍ਰੀ ਅਰੁਣ ਨਹਿਰੂ ਰਾਜੀਵ ਗਾਂਧੀ ਦੇ ਨੇੜਲੇ ਬੰਦਿਆਂ ਵਿਚੋਂ ਗਿਣੇ ਜਾਂਦੇ ਸਨ। ਪਰ ਪੰਜਾਬ ਦੇ ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬ ਦੇ ਵਿਰੁੱਧ ਹਰਿਆਣੇ ਦੇ ਲੀਡਰਾਂ ਨੂੰ ਭੜਕਾਉਣ ਵਾਲੇ ਸ੍ਰੀ ਨਹਿਰੂ ਹੀ ਸਨ ਜਿਨ੍ਹਾਂ ਪੰਜਾਬ ਦੇ ਮਸਲੇ ਨੂੰ ਪੇਚੀਦਾ ਕੀਤਾ। ਪੰਜਾਬ ਦੇ ਵਿੱਤ ਮੰਤਰੀ ਬਲਵੰਤ ਸਿੰਘ ਨੇ ਅਰੁਣ ਨਹਿਰੂ ਉਤੇ ਇਹ ਵੀ ਦੋਸ਼ ਲਾਇਆ ਸੀ ਕਿ ਉਨ੍ਹਾਂ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਬਨਾਉਣ ਦਾ ਲਾਲਚ ਦੇ ਕੇ ਅਕਾਲੀ ਪਾਰਟੀ ਵਿਚ ਫੁੱਟ ਪਾਈ।

ਪੰਜਾਬ ਦੇ ਹਲਕੇ ਅਰੁਣ ਨਹਿਰੂ ਦੇ ਪੱਤੇ ਕੱਟੇ ਜਾਣ ਨਾਲ ਖੁਸ਼ ਦੱਸੇ ਜਾਂਦੇ ਹਨ।

ਜਾਣਕਾਰ ਸੂਤਰਾਂ ਦਾ ਇਹ ਵੀ ਕਹਿਣਾ ਹੈ ਕਿ ਪ੍ਰਣਾਬ ਮੁਕਰਜੀ ਵਾਂਗ ਅਰੁਣ ਨਹਿਰੂ ਅਮਰੀਕਾ ਦੇ ਕਾਫੀ ਨੇੜੇ ਸਨ ਅਤੇ ਇਹ ਖਦਸ਼ਾ ਜ਼ਾਹਿਰ ਕੀਤਾ ਜਾਂਦਾ ਸੀ ਕਿ ਰਾਜੀਵ ਦੀ ਥਾਂ ਅਰੁਣ ਨਹਿਰੂ ਛੇਤੀ ਹੀ ਲੈ ਲਵੇਗਾ।

# ਪਿਤਾ ਦੀ ਕਾਤਲ ਪੁੱਤਰੀ ਨੂੰ ਸਜ਼ਾ

ਕੈਂਬਲਰਿਵਰਜਬੇ — ਇਥੇ ਇਕ ਸੋਲ੍ਹਾਂ ਸਾਲਾਂ ਦੀ ਕੁੜੀ ਨੂੰ ਜਿਸਨੇ ਆਪਣੇ ਪਿਤਾ ਨੂੰ ਗੋਲੀ ਮਾਰਕੇ ਹਲਾਕ ਕਰ ਦਿਤਾ ਸੀ 23 ਮਹੀਨਿਆਂ ਦੀ ਸਜ਼ਾ ਹੋ ਗਈ। ਦੱਸਿਆ ਜਾਂਦਾ ਹੈ ਕਿ ਇਸਦਾ ਪਿਤਾ ਜਿਸਨੇ ਕਿ ਇਸ ਕੁੜੀ ਨੂੰ ਮਾਰਨ ਦੀਆਂ ਧਮਕੀਆਂ ਦਿਤੀਆਂ ਸਨ ਤੇ ਜੱਜ ਦੇ ਕਹਿਣ ਅਨੁਸਾਰ ਉਹ ਭਾਵੇਂ ਸ਼ਰਾਬੀ ਸੀ ਤੇ ਆਪਣੀ ਘਰ ਵਾਲੀ ਨੂੰ ਕੁੱਟਦਾ ਮਾਰਦਾ ਸੀ ਪਰ ਉਹ ਵੀ ਜਿਓਣ ਦਾ ਹੱਕਦਾਰ ਸੀ ਜਿਨਾ ਕੋਈ ਹੋਰ।

# ਫੈਡਰੇਸ਼ਨ ਵਲੋਂ ਜ਼ਮਾਨਤਾਂ ਨਾ ਹੋਣ ਲਈ ਵਜ਼ੀਰ ਨੂੰ ਚਿੱਠੀਆਂ

ਵੈਨਕੂਵਰ — ਕੈਨੇਡੀਅਨ ਪ੍ਰੈਸ ਦੀ ਖਬਰ ਅਨੁਸਾਰ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਦੇ ਬੁਲਾਰੇ ਨੇ ਕਿਹਾ ਹੈ ਕਿ ਹਜ਼ਾਰਾਂ ਚਿਠੀਆਂ ਜਸਟਿਸ ਮਨਿਸਟਰ ਕਰੌਸਬੀ ਨੂੰ ਭੇਜੀਆਂ ਜਾ ਰਹੀਆਂ ਹਨ ਜਿਨ੍ਹਾਂ ਵਿਚ ਕਿਹਾ ਗਿਆ ਹੈ ਕਿ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ ਅਤੇ ਏਸੇ ਕਾਰਨ ਵੱਖ ਵੱਖ ਦੋਸ਼ਾਂ ਅਧੀਨ ਫੜੇ ਸਿੱਖਾਂ ਦੀਆਂ ਜ਼ਮਾਨਤਾਂ ਨਹੀਂ ਹੋ ਰਹੀਆਂ।

ਖਬਰ ਅਨੁਸਾਰ ਪੰਜਾਬ ਦੇ ਕੈਬਨਿਟ ਵਜ਼ੀਰ ਮਲਕੀਅਤ ਸਿੰਘ ਸਿੱਧੂ ਉਤੇ ਕਾਤਲਾਨਾ ਹਮਲੇ ਦੇ ਦੋਸ਼ ਹੇਠ ਚਾਰ ਵਿਅਕਤੀਆਂ ਦੀਆਂ ਜ਼ਮਾਨਤਾਂ ਮਨਸੂਖ ਕਰ ਦਿੱਤੀਆਂ ਗਈਆਂ। ਮੌਂਟਰੀਅਲ ਵਿਚ ਨੀਊਯਾਰਕ ਤੋਂ ਏਅਰ ਇੰਡੀਆ ਦੇ ਜਹਾਜ਼ ਨੂੰ ਬੰਬ ਨਾਲ ਉਡਾਉਣ ਦੀ ਸਾਜ਼ਿਸ਼ ਵਿਚ ਸ਼ਾਮਲ ਪੰਜ ਵਿਅਕਤੀਆਂ ਦੀਆਂ ਜ਼ਮਾਨਤਾਂ ਵੀ ਨਹੀਂ ਕੀਤੀਆਂ ਗਈਆਂ।

ਪਿਛਲੇ ਹਫਤੇ ਬੱਬਰ ਖਾਲਸਾ ਦੇ ਸੱਤ ਵਿਅਕਤੀ ਫੜੇ ਜਾਣ ਉਤੇ ਵੀ ਉਨ੍ਹਾਂ ਦੀਆਂ ਜ਼ਮਾਨਤਾਂ ਨਹੀਂ ਹੋਈਆਂ। ਵੀਰਵਾਰ ਮੁੜ ਹੈਮਿਲਟਨ ਵਿਚ ਉਨ੍ਹਾਂ ਦੀ ਸੁਣਵਾਈ ਸ਼ੁਰੂ ਹੋ ਰਹੀ ਹੈ।

# ਅਲਬਰਟਾ ਵਿਚ ਯੂਨੀਅਨਾਂ ਹੜਤਾਲੀ ਮਜ਼ਦੂਰਾਂ ਦੀ ਮਦਦ ਤੇ

ਹਜ਼ਾਰਾਂ ਦੀ ਗਿਣਤੀ ਵਾਲੀਆਂ ਮਜ਼ਦੂਰ ਜਥੇਬੰਦੀਆਂ ਦੀ ਕੋਲੀਸ਼ਨ ਨੇ ਗੇਨਰਜ਼ ਮੀਟ ਪੈਕਰ ਵਿਚ ਚਲ ਰਹੀ ਹੜਤਾਲ ਤੇ ਹੜਤਾਲੀ ਮਜ਼ਦੂਰਾਂ ਵਿਰੁਧ ਕੋਰਟ ਦੁਆਰਾ ਜਾਰੀ ਕੀਤੇ ਇੰਜੈਕਸ਼ਨ ਵਿਰੁਧ ਕਾਗਜ਼ ਪੇਸ਼ ਕੀਤੇ ਤੇ ਕਿਹਾ ਕਿ ਇਹ ਗੈਰ ਵਿਧਾਨਕ ਹੈ। ਬੀ. ਸੀ. ਲੇਬਰ ਫੈਡਰੇਸ਼ਨ ਨੇ ਵੀ ਹੜਤਾਲੀਆਂ ਦੀ ਹਿਮਾਇਤ ਦਾ ਹੋਕਾ ਦਿੱਤਾ ਹੈ ਤੇ ਕਿਹਾ ਹੈ ਇਸਦੇ ਮੈਂਬਰ ਗੇਨਰਜ਼ ਮੀਨ ਦੀ ਕਿਸੇ ਵੀ ਉਪਜ ਨੂੰ ਹਥ ਨਾ ਲਾਉਣ।


**Star Drywall Construction Co. Ltd.**

- Complete Drywall Service
- Guaranteed Work
- Free Estimates

**Sahib or Nake**
**Ph. (604) 590-2501**
P.O.BOX 639
SURREY, B.C. V3T 5L9


# ਹੀਰਿਆਂ ਦੇ ਚੋਰ ਰਾਜਵਿੰਦਰ ਪਾਲ ਨੂੰ ਅੱਠ ਸਾਲ ਕੈਦ

ਵੈਨਕੂਵਰ — ਡੇਲਟਾ ਦੇ ਸਾਬਕਾ ਪੁਲਸਮੈਨ ਰਾਜਵਿੰਦਰਪਾਲ ਸਿੰਘ ਗਿੱਲ ਨੂੰ ਜੱਜ ਨੇ ਅੱਠ ਸਾਲ ਦੀ ਕੈਦ ਸੁਣਾ ਦਿਤੀ ਹੈ।

ਜਿਊਰੀ ਨੇ ਰਾਜਵਿੰਦਰ ਪਾਲ ਸਿੰਘ ਨੂੰ ਸੱਤ ਦੋਸ਼ਾਂ ਵਿਚ ਦੋਸ਼ੀ ਠਹਿਰਾਇਆ। ਫਰਵਰੀ 15, 1985 ਨੂੰ ਰਾਜਵਿੰਦਰ ਪਾਲ ਨੇ ਇਕ ਹੋਰ ਆਦਮੀ ਨਾਲ ਰਲਕੇ ਨੌਰਥ ਵੈਨਕੂਵਰ ਦੇ ਹੀਰਿਆਂ ਦੇ ਵਪਾਰੀ ਚੌਹਾਨ ਦੇ ਘਰ ਚੋਰੀ ਕੀਤੀ ਅਤੇ ਪ੍ਰਵਾਰ ਦੇ ਮੈਂਬਰਾਂ ਨੂੰ ਤਸੀਹੇ ਦਿੱਤੇ।

# ਭੁਚਾਲ ਦੇ ਝਟਕੇ ਨਾਲ ਜਾਪਾਨ ਹਿਲ ਗਿਆ

ਟੋਕੀਓ — ਇਥੇ ਪੁਜੀਆਂ ਖਬਰਾਂ ਅਨੁਸਾਰ ਸੋਮਵਾਰ ਨੂੰ ਜਾਪਾਨ ਵਿਚ ਭੁਚਾਲ ਦਾ ਇਕ ਤਾਕਤਵਰ ਝਟਕਾ ਆਇਆ ਜਿਸ ਨਾਲ ਆਮ ਜੀਵਨ ਵਿਚ ਆਵਾਜਾਈ ਦੇ ਸਾਧਨਾਂ, ਤੇਜ਼ ਰਫਤਾਰ ਗੱਡੀਆਂ ਆਦਿ ਨੂੰ ਰੁਕਣਾ ਪਿਆ ਤੇ ਇਸ ਭੁਚਾਲ ਦੇ ਝਟਕੇ ਨੇ ਵੱਡੀਆਂ ਇਮਾਰਤਾਂ ਹਿਲਾ ਦਿਤੀਆਂ। ਉਂਝ ਜਾਨੀ ਜਾਂ ਮਾਲੀ ਨੁਕਸਾਨ ਹੋਣ ਦੀ ਕੋਈ ਖਬਰ ਨਹੀਂ। ਇਹ ਝਟਕਾ ਠੀਕ ਦੁਪਹਿਰ ਤੋਂ ਕੁਝ ਪਹਿਲਾਂ ਆਇਆ ਤੇ 6.9 ਸਕੇਲ ਰਜਿਸਟਰਡ ਕੀਤਾ ਗਿਆ।


# 39th Anniversary Sale

**THURSDAY 10-9 FRIDAY 10-9 SATURDAY 10-6 SUNDAY 12-5**



**Lowest Prices Guaranteed In B.C.**

**9 PC. Oak Dinning Room Suite $1979.95 Exclusive Only For Royal Furniture** Exactly not as shown in picture

**PLUS 100'S AND 100'S OF OTHER IN STORE SPECIALS!**

LOWEST PRICES GUARANTEED

**ROYAL FURNITURE LTD.**

VISA

2607 MAIN STREET (at 10th. AVE.), VANCOUVER, B.C.

TEL. 874-9525

MasterCard

MASTER CARD VISA ACCEPTED

# Investment by Non-Resident Indians in Sick Industrial Units

Recognising the role which Non-Resident Indians can play in the industrial development of the country by way of providing foreign exchange, technology and their links with international market, Government have accorded several facilities and incentives to them for making investment in Indian Industry.

In order to further liberalise the existing facilities and at the same time encourage the NRIs to participate in the revival of Sick Units, Government have decided to permit NRI investment on repatriation basis in existing Sick Companies and have, accordingly, laid down the following guidelines:—

1. Bulk-investment by NRIs on private placement basis would be allowed in Sick Companies.

2. A company will be considered Sick only if a public financial institution or a consortium is already fromulating a plan for its rebabilitation/revival or the company is consistently showing losses for the last three years and the market price of the shares is below par for two years and the public financial institutions/banks are satisfied in this regard.

3. The bulk investment by the NRIs can be either in the from of sale of shares to them or by issue of fresh capital.

4. Investment on repatriation basis up to 100% of the equity capital of the company can be permitted provided a request is made by the Indian company and supported by a Special Resolution from the shareholders.

5. Repatriation of original capital brought into India for a Sick company will be permitted after a minimum period of five years. The clearance will be given on a case-by-case examination and the future payment liabilities would be specifically taken into account while processing these cases.

6. RBI will adopt normal procedures to satisfy itself that intending NRI investment are non-residents of Indian origin or corporate entities which are predominantly owned by NRIs.

## .ਗ਼ਜ਼ਲ

**ਮੇਵਾ ਸਿੰਘ ਗਿੱਲ**

ਤੇਰੇ ਦਰ ਤੇ ਜੇ ਨਿਆਂ ਨਹੀਂ, ਕੁਝ ਮਿਹਰ ਤਾਂ ਜ਼ਰੂਰ ਹੈ,
ਮੇਰੇ ਸਬਰ ਨੂੰ ਸਜ਼ਾ ਨਾ ਦੇ, ਤੇਰੀ ਨਜ਼ਰ ਦਾ ਕਸੂਰ ਹੈ ।

ਤੇਰੀ ਕਨਖੀਆਂ ਦੀ ਝਾਕਨੀ, ਮੇਰੀ ਮੌਜ ਨਾ ਸਮਝ ਸਕੀ,
ਤੇਰਾ ਲੁੱਕ ਕੁ ਦੇਖਣਾ ਹੀ ਤਾਂ ਮੇਰੇ ਇਸ਼ਕ ਦਾ ਗਰੂਰ ਹੈ ।

ਤੇਰੇ ਦਰ ਤੇ ਪਹੁੰਚਣਾ ਮੇਰਾ ਕੁਝ ਨਗਜ਼ਸ਼ਾਂ ਦੀ ਕਾਰ ਸੀ,
ਵਰਨਾ ਤੇਰੇ ਦਰੋਂ ਮੇਰਾ ਪਹੇਲਾ ਪੜ੍ਹਾ ਵੀ ਦੂਰ ਹੈ ।

ਤੇਰੇ ਦਰ ਤੇ ਆ ਕੇ ਜ਼ਿੰਦਗੀ, ਇੱਕ ਵਾਜ ਤਰ੍ਹਾਂ ਸੁਣੀ,
ਅਜੇ ਜ਼ਿੰਦਗੀ ਉਹ ਪਾਂਧੀਆ, ਇੱਕ ਜ਼ਿੰਦਗੀ ਭਰ ਦੂਰ ਹੈ ।

ਗ਼ਮ ਜਲ ਕੇ ਨੂਰ ਹੋ ਗਿਆ, ਮੇਰਾ ਸਿਦਕ ਰੂਪ ਹੋ ਗਿਆ ।
ਮੇਰੀ ਹਰ ਨਜ਼ਰ ਹੈ ਬੰਦਗੀ, ਮੇਰੀ ਹਰ ਜਲਨ ਸਰੂਰ ਹੈ ।

ਮੇਰਾ ਸ਼ੁਕਰ ਕਰ ਐ ਜ਼ਿੰਦਗੀ, ਤੇਰਾ ਸਾਥ ਦੇ ਰਿਹਾ ਹਾਂ ਮੈਂ,
ਹਾਲਾਂ ਤੇਰੇ ਮੁਕਾਮ ਤੋਂ ਮੇਰਾ ਮੁਕਾਮ ਦੂਰ ਹੈ ।

ਐ ਅੰਤ ਤੂੰ ਭੀ ਦੋ ਕਦਮ ਮੇਰੀ ਪੀੜ ਵੱਲ ਨੂੰ ਆ ਜ਼ਰਾ,
ਤੇਰੇ ਪੈਂਡਿਆਂ ਤੇ ਟੁਰਦਿਆਂ ਮੇਰਾ ਅੰਗ ਅੰਗ ਚੂਰ ਹੈ ।


ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
ਨੂੰ ਫੋਨ ਕਰੋ :
581-4473
(ਦਫਤਰ ਦਾ ਸਮਾਂ 10.00 ਤੋਂ 5.30 ਵਜੇ ਤੱਕ)

MALKIT PARMAR

ROYAL LEPAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :

Bus: (604) 590-1321 Res: 589-2650

8699 - 120th St., North Delta, B.C.





PARKER'S AUTO-MALL

PARKERS AUTO MALL
1765 and 1803 and 1848 Main Street, Penticton 492-2839

ਕਾਰ ਦੀ ਭਾਲ ਹੈ ? ਨਵੀਂ ਜਾਂ ਪੁਰਾਣੀ ?
ਕਰਿਸਲਰ ਦੇ ਝੂਟੇ ਲਵੋਂ ਭਾਵੇਂ ਪੋਨੀ ਦੇ - ਤੁਹਾਡੀ ਹਰ ਪ੍ਰਕਾਰ ਦੀ ਵੱਧ ਤੋਂ ਵੱਧ
ਸੇਵਾ ਕਰਨ ਦਾ ਮੌਕਾ ਦਿਓ
ਕਿਸੇ ਸਮੇਂ ਵੀ ਫੋਨ ਕਰੋ :-
498-6757
ਹਰਭਜਨ ਸਿੰਘ ਦਿਓਲ



Chris Parker, President of Parkers Auto Mall in Penticton is pleased to announce the appointment of Mr. H.S. Deol as Sales Representative. Mr. Deol will be representing new Chrysler products, new Hyundai products, new Empress motor homes, as well as a wide selection of used vehicles. Mr. Deol will be pleased to be of assistance to any member of the Indian community, particularly in the interior region of British Columbia. Mr. Deol may be reached at 498-6757 in Oliver, B.C.

FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER
NORTH AMERICAN LIFE

ਪਰਸਨਲ, ਬਿਜ਼ਨਿਸ, ਗਰੁੱਪ ਇਨਸ਼ੋਰੈਂਸ ਲੋੜਾਂ ਅਤੇ ਫਾਈਨੈਂਸ਼ਲ ਪਲੈਨਿੰਗ ਲਈ

INSURANCE FOR

- Personal
- Children
- Mortgage
- RRSP
- Group Insuranc & Annuities

Ph. 270-2100

CONTACT

11420 Granville Ave. Richmond, B.C. V6Y 1R6

Nagra Insurance Agencies

# ਸਿੱਖ ਧਰਮ ਬੇਗੁਨਾਹਾਂ ਨੂੰ ਕਤਲ ਕਰਨ ਦੀ ਸਿਖਿਆ ਨਹੀਂ ਦਿੰਦਾ — ਹਰਭਜਨ ਸਿੰਘ ਸੰਘਾ

ਪ੍ਰਿੰਸਰੂਪਰਟ — ਪ੍ਰਿੰਸ ਰੂਪਰਟ ਦੇ ਇਕ ਮਾਨਯੋਗ ਗੁਰਸਿੱਖ ਸ੍ਰੀ ਹਰਭਜਨ ਸਿੰਘ ਸੰਘਾ ਨੇ ਪਿਛਲੇ ਦਿਨੀਂ ਪ੍ਰੋਵੇਂਸ ਅਖਬਾਰ ਨੂੰ ਇਕ ਪੱਤਰ ਲਿਖ ਕੇ ਕਿਹਾ ਹੈ ਕਿ ਸਿੱਖ ਧਰਮ ਇਹ ਸਿਖਿਆ ਨਹੀਂ ਦਿੰਦਾ ਕਿ ਬੇਗੁਨਾਹ ਲੋਕਾਂ ਦੇ ਬਿਨਾਂ ਮਤਲਬ ਕਤਲ ਕੀਤੇ ਜਾਣ। ਉਨ੍ਹਾਂ ਕਿਹਾ ਹੈ ਕਿ ਸਿਖ ਲੀਡਰ ਕੇਵਲ ਏਕਤਾ ਦੀਆਂ ਗੱਲਾਂ ਹੀ ਕਰਦੇ ਹਨ ਪ੍ਰੰਤੂ ਕਿਸੇ ਸਿੱਖ ਲੀਡਰ ਨੇ ਮੁੱਠੀ ਭਰ ਲੋਕਾਂ ਵੱਲੋਂ ਵੱਡੀ ਬਹੁਤ ਗਿਣਤੀ ਦੇ ਹਿੱਤਾਂ ਨੂੰ ਤਬਾਹ ਕਰਨ ਦੀਆਂ ਖਤਰਨਾਕ ਕਾਰਵਾਈਆਂ ਦੀ ਬਿਨਾਂ ਰੱਖ ਰਖਾ ਤੋਂ ਨਿਖੇਧੀ ਨਹੀਂ ਕੀਤੀ ਹੈ।

ਉਨ੍ਹਾਂ ਕਿਹਾ ਅਸੀਂ ਕੈਨੇਡਾ ਆਉਣ ਦੇ ਨਿਸ਼ਾਨਿਆਂ ਨੂੰ ਭੁੱਲ ਗਏ ਹਾਂ। ਜਨੂੰਨੀ ਲੋਕਾਂ ਦੀਆਂ ਕਾਰਵਾਈਆਂ ਨਾਲ ਨਾ ਕੇਵਲ ਸਾਡਾ ਹੀ ਸਗੋਂ ਸਾਡੇ ਬੱਚਿਆਂ ਦਾ ਭਵਿਖ ਵੀ ਬਰਬਾਦ ਹੋਵੇਗਾ। ਇਸ ਤੋਂ ਇਹ ਜ਼ਾਹਰ ਹੁੰਦਾ ਹੈ ਕਿ ਅਸੀਂ ਇਤਿਹਾਸ ਤੋਂ ਕੁਝ ਨਹੀਂ ਸਿਖਿਆ। ਸਾਨੂੰ 1914 ਦੇ ਕਾਮਾਗਾਟਾ ਮਾਰੂ ਦੇ ਵੈਨਕੂਵਰ ਵਿਚ ਵਾਪਰੇ ਸਾਕੇ ਵੱਲ ਪਿਠ ਨਹੀਂ ਭੁਆ ਲੈਣੀ ਚਾਹੀਦੀ।

ਉਨ੍ਹਾਂ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਸਾਨੂੰ ਖੁਦ ਹੀ ਆਪਣੀ ਕਮਿਊਨਿਟੀ ਨੂੰ ਲਹੂ ਲੁਹਾਣ ਤੇ ਤਬਾਹ ਕਰਨ ਤੋਂ ਰੁਕਣਾ ਚਾਹੀਦਾ ਹੈ। ਜੰਗਲੀ ਜਾਨਵਰਾਂ ਦੀ ਤਰ੍ਹਾਂ ਇਕ ਸਿੱਖ ਨੂੰ ਦੂਜੇ ਸਿੱਖ ਦਾ ਸ਼ਿਕਾਰ ਨਹੀਂ ਕਰਨਾ ਚਾਹੀਦਾ।

ਉਨ੍ਹਾਂ ਕਿਹਾ 1984 ਦਾ ਹਰਿਮੰਦਰ ਸਾਹਿਬ ਦਾ ਸਾਕਾ ਸਾਨੂੰ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਨੂੰ ਵੀ ਨਹੀਂ ਭੁੱਲੇਗਾ। ਇਤਿਹਾਸ ਸਾਡੇ ਸਭਿਅਕ ਅਮਲਾਂ ਨੂੰ ਪਰਖੇਗਾ। ਖੁਦਕਸ਼ੀ ਦਾ ਰਾਹ ਕੋਈ ਮਸਲਾ ਹਲ ਨਹੀਂ ਕਰਦਾ।

ਸ੍ਰੀ ਸੰਘਾ ਨੇ ਕਿਹਾ ਕਿ ਸਾਨੂੰ ਕੈਨੇਡੀਅਨ ਸਿੱਖਾਂ ਨੂੰ ਇਕੱਠੇ ਹੋ ਕੇ ਦ੍ਰਿੜਤਾ ਨਾਲ ਅਮਨ ਕਾਇਮ ਕਰਨ ਦਾ ਹੰਭਲਾ ਮਾਰਨਾ ਚਾਹੀਦਾ ਹੈ। ਸਾਨੂੰ ਅਜਿਹਾ ਨਿਰਭੈ ਹੋ ਕੇ, ਧਮਕੀਆਂ ਤੋਂ ਬੇਪਰਵਾਹ ਹੋ ਕੇ, ਬੇਇਜ਼ਤੀ ਜਾਂ ਹਿੰਸਾ ਤੋਂ ਉਚੇ ਉਠ ਕੇ ਕਰਨਾ ਚਾਹੀਦਾ ਹੈ।

---

0 ਲੋਕਾਂ ਨੇ ਪੈਸੇ ਨੂੰ ਭਗਵਾਨ ਬਣਾ ਲਿਆ ਤਾਂ ਅਸਲੀ ਭਗਵਾਨ ਕਿਥੇ ਗਿਆ?
—ਖੋਟਾ ਸਿੱਕਾ ਬਣ ਗਿਆ.

0 ਕਹਿੰਦੇ ਹਨ ਕਿ ਸ਼ਰਾਬ ਪੀਂਦੇ ਵੇਲੇ ਇਨਸਾਨ ਹਮੇਸ਼ਾਂ ਸੱਚ ਬੋਲਦਾ ਹੈ. ਪਰ ਜੇਕਰ ਸ਼ਰਾਬ ਵਿਚ ਮਿਲਾਵਟ ਹੋਵੇ ?
—ਤੇ ਮਿਲਾਵਟੀ ਸੱਚ ਬੋਲੇਗਾ.

## Press Release

The Sikhs in Punjab (India) are passing through a painful and challenging ordeal, Their religious, political and social identity is at stake. Their holiest shrines have been desecrated and thousands of innocent men, women and children have been brutally massacred. This wilful annihilation of the sikhs is continuing unabated. The sikhs living in other parts of the world including Canada are naturally hurt with this miserable condition of their kith and kins and they have a moral and social right to express their concern to the outside world. But even a word of sympathy irritates the government of India, who, with its treacherous designs and unaccounted black money, is now managing, one way or the other, to brandish the entire sikh community living abroad as terrorists and their glorious and pious past and their present image is being damaged. The sikhs, being unable to combat this sinister propaganda with the meagre resources at their disposal, are watching all this as helpless spectators.

A meeting of the representatives of the Khalsa Diwan Societies of (i) New Westminster, (ii) Abbotsford, (iii) Vancouver and Guru Nanak Sikh Temple, Delta/Surrey which represent the sikhs in the lower mainland of British Columbia was held to-day to discuss this painful situation.

it is unanimously felt that, whereas the sikhs in Punjab are justified in fighting for a separate independent state - KHALISTAN - as the only solution thrust upon them to keep their religious and political identity alive and the sikhs living abroad do support their cause from the bottom of their hearts, we want to make it clear to the whole world that sikh faith does not at all preach any violence, much less terrorism. We pray and will continue to pray daily, in the name of Guru Nanak, for the universal peace, health, happiness and welfare of humanity as a whole. We stand for peaceful but respectable solution of every problem. We categorically condemn any such act in which violence is involved. We would like to assure the government of Canada that sikhs here are as loyal, faithful and law-abiding Canadians as anybody else, but their way of peaceful living and rich contribution to the development of Canada should not be ignored at the behest of the government of India's sinister propaganda to cover its black deeds. The possibility of the involvment of government of India, direct or indirect, in any evil act in which violence is involved should not at all be ruled out and the concerned authorities and media should always keep this in mind.

In the end we appeal to each and every sikh living abroad especially in Canada to refrain from being involved in any such act which may help the sinister designs of the government of India to tarnish their image in the eyes of the world. Let us take a pledge that, as Canadians, we will do everything within our powers to respect and obey the laws of the Canadian soil.

Jarnail S. Sandhu - President - Guru Nanak Sikh Temple, Delta/Surry

Mohinder S. Parmar - President - Khalsa Diwan Society, Abbotsford, B.C.

Gurnam S. Gill - President - Khalsa Diwan Society, New Westminster, B.C.

Joginder S. Sidhu - President - Khalsa Diwan Society, Vancouver, B.C.


ROKKO SAREES & FABRICS

6201 Fraser Street
VANCOUVER
Tel: 327-3033

ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ
ਖੁੱਲ੍ਹਾ ਰਹਿੰਦਾ ਹੈ



ROKKO SAREES

ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

# ਗੁਰੀਲੇ ਸਰਗਰਮ

ਸਾਨ ਸਲਵਾਡੋਰ — ਬਗਾਵਤੀ ਗੁਰੀਲਿਆਂ ਨੇ ਸਲਵਾਡੋਰ ਦੇ ਇਕ ਨਗਰ ਤੇ ਹਮਲਾ ਕਰਕੇ ਚਾਰ ਸਰਕਾਰੀ ਫੌਜੀ ਮਾਰ ਦਿਤੇ ਤੇ ਚਾਲੀ ਜ਼ਖਮੀ ਕੀਤੇ। ਸਲਵਾਡੋਰ ਦੇ ਗੁਰੀਲਿਆਂ ਦੁਆਰਾ ਇਹ ਹਮਲਾ ਸਾਨ ਮਾਈਗਲ ਸ਼ਹਿਰ ਜੋ ਕਿ ਇਸ ਮੁਲਕ ਦਾ ਤੀਜਾ ਵੱਡਾ ਸ਼ਹਿਰ ਹੈ ਤੇ ਕੀਤਾ ਗਿਆ ਤੇ ਇਹ ਇਸ ਸਾਲ ਵਿਚ ਗੁਰੀਲਿਆਂ ਦੁਆਰਾ ਕੀਤਾ ਸਭ ਤੋਂ ਵੱਡਾ ਹਮਲਾ ਸੀ।

ਇਹ ਗੁਰੀਲੇ ਸਲਵਾਡੋਰ ਦੀ ਅਮਰੀਕਾ ਪੱਖੀ ਸਰਕਾਰ ਦੇ ਖਿਲਾਫ ਲੜ ਰਹੇ ਹਨ। ਸਲਵਾਡੋਰ ਜੋ ਮੱਧ ਅਮਰੀਕਾ ਦਾ ਇਕ ਨਿੱਕਾ ਗਰੀਬ ਦੇਸ਼ ਹੈ ਅਮਰੀਕੀ ਲੁੱਟ ਤੋਂ ਆਜ਼ਾਦ ਹੋਣਾ ਚਾਹੁੰਦਾ ਹੈ।

---

ਪੰਨਾ 10 ਦੀ ਬਾਕੀ

ਟਰੇਡ ਯੂਨੀਅਨ ਲਹਿਰ ਦੀ ਹਮਾਇਤ ਹਾਸਲ ਸੀ ਅਤੇ ਐਡਮਿੰਟਨ ਦੇ ਗੇਨਰਜ਼-ਮੀਟ ਪੈਕਿੰਗ ਪਲਾਂਟ ਦੇ ਬਹਾਦਰ ਮਜ਼ਦੂਰਾਂ ਦਾ ਸੰਘਰਸ਼ ਇਹ ਯਾਦ ਦਵਾਉਂਦਾ ਹੈ ਕਿ ਤਕੜੀ ਟਰੇਡ ਯੂਨੀਅਨ ਲਹਿਰ ਰਾਜਨੀਤਕ ਸੂਝ ਨੂੰ ਪੈਦਾ ਕਰਦੀ ਹੈ। ਰਾਜਨੀਤਕ ਸੂਝ ਤੋਂ ਸੱਖਣੀ ਟਰੇਡ ਯੂਨੀਅਨ ਲਹਿਰ ਸ਼ਕਤੀਸ਼ਾਲੀ ਅਤੇ ਚੇਤੰਨ ਨਹੀਂ ਹੋ ਸਕਦੀ। ਸਗੋਂ ਉਸ ਨੂੰ ਮੌਕਾਪ੍ਰਸਤ ਆਗੂ ਕਦੀ ਵੀ ਧੋਖਾ ਦੇ ਸਕਦੇ ਹਨ।

ਕੈਨੇਡਾ ਦਿਵਸ ਉਪਰ ਕੈਨੇਡਾ ਦੇ ਮਜ਼ਦੂਰਾਂ ਨੂੰ ਖਾਸ ਕਰਕੇ ਭਾਰਤੀ ਮਜ਼ਦੂਰਾਂ ਨੂੰ ਜੋ ਲੱਕੜੀ ਮਿਲਾਂ, ਖੇਤਾਂ, ਰੈਸਟੋਰੈਂਟਾਂ ਜਾਂ ਹੋਰ ਥਾਵਾਂ ਉਪਰ ਕੰਮ ਕਰਦੇ ਹਨ, ਆਪੋ ਆਪਣੀਆਂ ਯੂਨੀਅਨ ਵਿਚ ਵਧ ਚੜ੍ਹ ਕੇ ਹਿਸਾ ਲੈਣ ਦਾ ਪ੍ਰਣ ਕਰਨਾ ਚਾਹੀਦਾ ਹੈ। ਮੀਟਿੰਗਾਂ ਵਿਚ ਜਾਣਾ ਚਾਹੀਦਾ ਹੈ। ਬਹਿਸਾਂ ਵਿਚ ਹਿਸਾ ਲੈਣਾ ਚਾਹੀਦਾ ਹੈ। ਲੀਡਰਾਂ ਨੂੰ ਸਵਾਲ ਪੁਛਣੇ ਚਾਹੀਦੇ ਹਨ, ਨਾ ਕਿ ਸਿਰਫ ਤਨਖਾਹ ਵਿਚੋਂ ਯੂਨੀਅਨ ਫੰਡ ਕਟਾਉਣ ਤੱਕ ਜਾਂ ਨਿਕੀ ਮੋਟੀ ਨਿਜੀ ਮੁਫਾਦ ਵਾਲੀ ਗੱਲ ਪੁਛਣ ਤਕ ਹੀ ਰਹਿਣਾ ਚਾਹੀਦਾ ਹੈ।

ਮਜ਼ਬੂਤ ਟਰੇਡ ਯੂਨੀਅਨ ਲਹਿਰ ਜਾਨਦਾਰ ਜਮਹੂਰੀ ਕੈਨੇਡਾ ਨੂੰ ਜਨਮ ਦੇਵੇਗੀ। ਅਤੇ ਸਾਡੇ ਆਪਣੇ ਜੀਵਨ ਉਪਰ ਅਤੇ ਆਉਣ ਵਾਲੀਆਂ ਨਸਲਾਂ ਉਪਰ ਵੀ ਅਰਥ ਭਰਪੂਰ ਅਸਰ ਪਾਵੇਗੀ।

ਸਾਨੂੰ ਕੈਨੇਡਾ ਦਾ ਦਿਵਸ ਮਨਾਉਣ ਦਾ ਨਵੇਕਲਾ ਢੰਗ ਅਪਨਾਉਣਾ ਚਾਹੀਦਾ ਹੈ। ਉਪਰੋਕਤ ਦਿਤੇ ਵਿਚਾਰਾਂ ਉਪਰ ਅਤੇ ਹੋਰ ਕੈਨੇਡਾ ਨਾਲ ਸਬੰਧਤ ਮਸਲਿਆਂ ਉਪਰ ਵਿਚਾਰ ਵਟਾਂਦਰੇ ਆਪਣੇ ਦੋਸਤਾਂ ਨਾਲ ਅਤੇ ਪਰਵਾਰਾਂ ਵਿਚ ਕਰਨੇ ਚਾਹੀਦੇ ਹਨ। ਜਿਨ੍ਹਾਂ ਵਿਚ ਕੈਨੇਡਾ ਦੀ ਸਰਕਾਰ ਦੇ 'ਸਟਾਰ ਵਾਰ' ਪ੍ਰਤੀ ਝੁਕਾਵਾਂ ਉਪਰ, ਦੱਖਣੀ ਅਫਰੀਕਾ ਵਿਰੁਧ ਆਰਥਕ ਪਾਬੰਦੀਆਂ ਲਾਉਣ ਸੰਬੰਧੀ ਕੈਨੇਡਾ ਵਿਚ ਵਧ ਰਹੀਆਂ ਦਹਿਸ਼ਤਪਸੰਦੀ ਦੀ ਕਾਰਵਾਈਆਂ ਨੂੰ ਰੋਕਣ ਲਈ ਸਰਕਾਰ ਦੀ ਅਣਗਹਿਲੀ ਵਾਲੀ ਪਾਲਸੀ ਬਾਰੇ, ਸਾਡੀ ਆਪਣੀ ਭਾਰਤੀ ਕਮਿਊਨਿਟੀ ਵਿਚ ਕੁਝ ਬੰਦਿਆਂ ਦੀਆਂ ਕਾਰਵਾਈਆਂ ਕਾਰਨ ਪੈਂਦੇ ਪ੍ਰਭਾਵਾਂ ਸੰਬੰਧੀ, ਬੱਚਿਆਂ ਦੀ ਸਕੂਲੀ ਪੜ੍ਹਾਈ ਦੇ ਡਿਗ ਰਹੇ ਪੱਧਰ, ਮਿਊਂਸਪਲ ਅਤੇ ਸੂਬਾਈ ਚੋਣਾਂ ਸੰਬੰਧੀ ਵਿਚਾਰਾਂ ਕੀਤੀਆਂ ਜਾ ਸਕਦੀਆਂ ਹਨ।

# ਸ. ਸ. ਬਰਨਾਲਾ ਵਲੋਂ ਨਵੇਂ ਬਣਾਏ ਡਿਸਾਈ ਕਮਿਸ਼ਨ ਨੂੰ ਰੱਦ ਕਰ ਦਿੱਤਾ ਗਿਆ

ਚੰਡੀਗੜ੍ਹ — ਪਤਾ ਲੱਗਾ ਹੈ ਕੇਂਦਰੀ ਸਰਕਾਰ ਵਲੋਂ ਚੰਡੀਗੜ੍ਹ ਦੇ ਬਦਲੇ ਵਿਚ ਹਰਿਆਣੇ ਨੂੰ ਜੋ ਜ਼ਮੀਨ ਦਿੱਤੀ ਜਾਣੀ ਸੀ ਉਸ ਦਾ ਫੈਸਲਾ ਕਰਨ ਲਈ ਜਿਸ ਡਿਸਾਈ ਕਮਿਸ਼ਨ ਦਾ ਐਲਾਨ ਕੀਤਾ ਗਿਆ ਸੀ ਪੰਜਾਬ ਦੇ ਮੁਖ ਮੰਤਰੀ ਨੇ ਉਸ ਨੂੰ ਰੱਦ ਕਰ ਦਿਤਾ ਹੈ। ਯਾਦ ਰਹੇ ਵੈਂਕਟਰਮਈਆ ਕਮਿਸ਼ਨ ਨੇ ਪਹਿਲਾਂ 15000 ਏਕੜ ਜ਼ਮੀਨ ਤਜਵੀਜ਼ ਕੀਤੀ ਸੀ ਜੋ ਕਿ ਬਾਅਦ ਵਿਚ 70000 ਏਕੜ ਕਰ ਦਿਤੀ ਗਈ ਸੀ। ਪੰਜਾਬ ਦੇ ਲੋਕਾਂ ਵਿਚ ਕੇਂਦਰ ਦੀ ਚੰਡੀਗੜ੍ਹ ਬਾਰੇ ਲਮਕਾਊ ਨੀਤੀ ਬਾਰੇ ਭਾਰੀ ਗੁੱਸਾ ਪਾਇਆ ਜਾਂਦਾ ਹੈ। ਇਹ ਵੀ ਪਤਾ ਲਗਾ ਹੈ ਕਿ ਮੁਖ ਮੰਤਰੀ ਵਲੋਂ ਡਿਸਾਈ ਕਮਿਸ਼ਨ ਨੂੰ ਰੱਦ ਕਰਨ ਦੇ ਐਲਾਨ ਦਾ ਸਾਬਕਾ ਮੁਖ ਮੰਤਰੀ ਬਾਦਲ ਨੇ ਸਮਰਥਨ ਕੀਤਾ ਹੈ। ਰਾਜਸੀ ਹਲਕਿਆਂ ਵਿਚ ਇਹ ਬਾਦਲ ਵਲੋਂ ਬਰਨਾਲਾ ਅੱਗੇ ਝੁਕ ਜਾਣ ਦੇ ਸੰਕੇਤ ਵਜੋਂ ਲਿਆ ਜਾ ਰਿਹਾ ਹੈ।

# ਸੋਵੀਅਤ ਵਲੋਂ ਅਮਰੀਕਾ ਨੂੰ ਚਿਤਾਵਨੀ

ਜਨੇਵਾ — ਇਕ ਖਬਰ ਅਨੁਸਾਰ ਕਲ੍ਹ ਸੋਵੀਅਤ ਦੇਸ ਨੇ ਅਮਰੀਕਾ ਨੂੰ ਸਖਤ ਸ਼ਬਦਾਂ ਵਿਚ ਕਿਹਾ ਹੈ ਕਿ ਜੇ ਉਹ ਪ੍ਰਮਾਣੂ ਹਥਿਆਰਾਂ ਬਾਰੇ ਉਚ ਪੱਧਰੀ ਗਲਬਾਤ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਇਹ ਸੰਜੀਦਗੀ ਨਾਲ ਕਰਨੀ ਚਾਹੀਦੀ ਹੈ।

ਪਿਛਲੇ ਦਿਨੀਂ ਸੋਵੀਅਤ ਉਪ ਵਿਦੇਸ਼ ਮੰਤਰੀ ਵਲਾਦੀਮੀਰ ਪੇਤਰੋਵਸਕੀ ਨੇ ਕਿਹਾ ਕਿ ਦੂਜੇ ਦੌਰ ਦੀ ਉਚ ਪੱਧਰੀ ਗਲਬਾਤ ਲਈ ਸੋਵੀਅਤ ਲੀਡਰ ਗੋਰਬਾਚੋਵ ਪੂਰੀ ਤਰ੍ਹਾਂ ਤਿਆਰ ਹਨ। ਪਰ ਇਹ ਤਾਂ ਹੀ ਹੋ ਸਕਦੀ ਹੈ ਜੇ ਹਥਿਆਰਾਂ ਦੀ ਰੋਕ ਲਈ ਗਲ ਅਗੇ ਵਧੇ। ਪੇਤਰੋਵਸਕੀ ਨੇ ਕਿਹਾ ਕਿ ਜਦੋਂ ਤੋਂ ਇਹ ਦੋ ਧਿਰੀ ਗਲਬਾਤ ਸ਼ੁਰੂ ਹੋਈ ਹੈ ਅਮਰੀਕਨਾਂ ਨੇ ਕੋਈ ਠੋਸ ਗਲਬਾਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਜਿਸ ਨਾਲ ਹਥਿਆਰਾਂ ਦੀ ਦੌੜ ਨੂੰ ਰੋਕਣ ਲਈ ਕਦਮ ਚੁਕੇ ਗਏ ਹੋਣ।


# WELCOME TO INDIA!

## The Pacific Science Center Invites You To A Feast Of The Senses

The Pacific Science Center opens it's doors to the Press for a special preview of "INDIA: A FESTIVAL OF SCIENCE," on JULY 1, 1986, Tuesday, from 10:00 a.m. to noon.

- WATCH ARTISANS FROM INDIA CREATE MUSICAL INSTRUMENTS, CAST BRONZE, EMBROIDER SPLENDID SILK.
- EXPLORE MODERN INDIA'S TECHNOLOGY.
- TRY YOUR HAND AT TESSELLATIONS OR SANSKRIT.
- MEET EXOTIC INDIAN CREATURES INCLUDING PENELOPE THE PYTHON AND A DELIGHTFUL BINTURONG (COUSIN OF THE MONGOOSE.)

You and a guest are invited to join us for the press opening of "INDIA: A FESTIVAL OF SCIENCE," hosted by the Pacific Science Center, July 2 through October 31, 1986. The Exhibition —— comprised of a Unique blend of live demonstrations by artisans from India, visitor activities, and audio—visual presentations —— examines the historic and contemporary contributions of India in such fields as astronomy, metallurgy, space technology, agriculture and energy.


0 ਮਾਚਸ ਤੇ ਲਿਖਿਆ ਹੁੰਦਾ ਹੈ ਕਿ 'ਸੱਠ ਤੀਲੀਆਂ', ਪਰ ਅੰਦਰੋਂ ਚਾਲੀ ਨਿਕਲਣ, ਇਹ ਕਿਹੋ ਜੇਹਾ ਧੰਦਾ ਹੈ ?
—ਗੋਰਖ ਧੰਦਾ

0 ਬਚਪਨ ਅਤੇ ਜਵਾਨੀ ਦੇ ਵਿਚਕਾਰ ਜੋ ਉਮਰ ਹੁੰਦੀ ਹੈ ਕਿਵੇਂ ਗੁਜ਼ਾਰੀ ਜਾਵੇ ?
—ਸਕੂਲ ਟੀਚਰਾਂ ਦੀਆਂ ਝਿੜਕਾਂ ਖਾ ਕੇ.


ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!

# NISHAN FOODS LTD.

## Grand Opening

ਲੌਂਗ ਵੀਕ-ਇੰਡ ਉਤੇ ਭਾਰੀ ਸੇਲ

ਇਸ ਦੀ ਗਰੈਂਡ ਓਪਨਿੰਗ
28 JUNE, 1986 ਦਿਨ ਸਨਿਚਰਵਾਰ
ਨੂੰ ਬੜੀ ਧੂਮ ਧਾਮ ਨਾਲ ਹੋ ਰਹੀ ਹੈ। ਸਾਰੀਆਂ
ਸਪੈਸ਼ਲ ਸਪੈਸ਼ਲ ਕੀਮਤਾਂ

ਲੌਂਗ ਵੀਕ-ਇੰਡ ਉਤੇ ਭਾਰੀ ਸੇਲ

ਗਰੈਂਡ ਓਪਨਿੰਗ ਵਾਲੇ ਦਿਨ Refreshment ਦਾ ਪੂਰਾ ਪੂਰਾ ਪ੍ਰਬੰਧ ਹੈ
ਬੱਚਿਆਂ ਨੂੰ ਗੁਬਾਰੇ ਦਿੱਤੇ ਜਾਣਗੇ!

3327 KINGSWAY, VANCOUVER, B.C.
PH. (604) 433-3207
(ਜੋਕਿ ਪਹਿਲਾਂ INTERNATIONAL SUPER MARKET ਹੁੰਦਾ ਸੀ)

## Goyal Travels Inc.

4152 Fraser Street, Vancouver, B.C., Canada V5V 4E8
PH: (604) 872-7658

Toll Free Numbers
In B.C. 112-800-663-9079
In Alberta 1-800-663-9079
From 4 pm to 7 p.m.

IATA



**THINKING OF TRAVEL?**
WE CAN SAVE YOU
TIME—TROUBLE—MONEY

ASSOCIATED OFFICES IN INDIA:
- 2 Asia House, K.G. Marg, New Delhi—110001 Phone 389217
- Opposite Nehru Gardens, G.T.Road, Jullundur City Phone 77526
- Court Road, Moga, Distt. Faridkot Phone 2798
- Court Road, Jagraon, Distt. Ludhiana Phone 252

Cheapest Fares to:
**FIJI—INDIA—PAKISTAN—COLOMBO—NEPAL**





## ਪਾਇਲ ਸਾੜ੍ਹੀ ਸੈਂਟਰ(1985) ਇੰਨਕ.
## ਸਰੀ-ਡੈਲਟਾ ਦੇ ਪੰਜਾਬੀ ਬਾਜ਼ਾਰ ਵਿਚੋਂ :

- ਦਾਜ ਵਰੀ ਦਾ ਸਮਾਨ
- ਵਾਜ਼ਬ ਕੀਮਤ
- ਵੰਨ-ਸੁਵੰਨੇ ਡੀਜ਼ਾਈਨ
- ਲੇਟੈਸਟ ਵਰਾਇਟੀ

ਲੈਣ ਲਈ ਹਮੇਸ਼ਾਂ ਪਾਇਲ ਸਾੜ੍ਹੀ ਸੈਂਟਰ ਦਾ ਨਾਂ ਚੇਤੇ ਰੱਖੋ

ਇੰਡੀਆ ਤੋਂ ਨਵੀਂ ਸ਼ਿਪਮੈਂਟ ਪਹੁੰਚ ਗਈ ਹੈ - ਨਵੇਂ ਨਵੇਂ ਡੀਜ਼ਾਈਨਾਂ ਵਿਚ contrast ਵਿਚ ਸਿਲਕ ਦੇ ਸੂਟ ਨਵੀਂ ਕਢਾਈ ਨਾਲ, ਸਿਲਕ ਸਲਮਾ ਵਾਲੇ ਸੂਟ, ਪਰਾਂਦੇ, ਕਲੀਰੇ, ਵੰਗਾਂ, ਸੰਧੂਰ ਆਦਿ ਸਾਮਾਨ ਮਿਲ ਸਕਦਾ ਹੈ — ਇਕ ਵਾਰੀ ਸਟੋਰ ਤੇ ਆ ਕੇ ਦੇਖੋ

9277 - 120 ਸਟਰੀਟ (ਸਕਾਟ ਰੋਡ) ਡੈਲਟਾ, ਬੀ. ਸੀ.
**ਫ਼ੋਨ : 584-6011**



ਕੁਆਲਿਟੀ ਦੀ ਵਧੀਆ ਚੋਣ ਲਈ ਹੋਰ ਕਿਤੇ ਜਾਣ ਤੋਂ ਪਹਿਲਾਂ ਸਾਡੇ ਕੋਲ ਆਓ

CERTIFIED ARA AUTOMOTIVE RETAILERS ASSOCIATION BODY SHOP

## A-Class Auto Body & Paint Ltd.

11969 - 93A Ave. DELTA, B.C. V4C 3P2

- ICBC claims handled promptly
- Professional Body Work & Quality paint
- Uni-Body repairs & frame work
- Free courtesy cars
- Free estimates

Make your car look new

**SPECIAL:**

Paint JOB from $189.00 And Up
20% Off On Body Work
Big Discounts
On Deductable or Any Work
(Limited Time Only) (Cars Outside Only)

Call: Amarjit (Sam) Samra

Off. 589-2203 Res. 594-0599


## ਪਿੰਡੋਂ ਬਾਹਰ ...?

**ਮੇਜਰ ਪਿਆਰਾ ਸਿੰਘ**

(ਡਾ: ਹਰਿਭਜਨ ਸਿੰਘ ਦੀ ਨਜ਼ਮ "ਪਿੰਡੋਂ ਬਾਹਰ" ਵਿਚਲੇ ਬੁੱਲ੍ਹੇ ਨੂੰ ਸੰਬੋਧਤ)

ਬਹਿ ਇਕਲਾਪੇ ਭੋਗੀਏ ਜਿਹੜਾ, ਉਹ ਦੁਖੜਾ ਕੀ ਦੁਖੜਾ ।
ਝੱਖੜਾ-ਝਾਂਜੇ ਦੀ ਝੰਗ ਝਲਦਾ, ਝੂਮੇ ਵਣ ਵਿਚ ਰੁਖੜਾ ।
ਬੈਠ ਇਕੱਲਿਆਂ ਜੀ ਨਹੀਂ ਹੋਣਾ, ਮਰਾਂਗੇ ਨਾਲ ਭਰਾਵਾਂ ।

ਭੀੜਾਂ ਵਿਚ ਗੁਆਚਣ ਦਾ ਡਰ, ਜਿੰਦ ਨੂੰ ਮੂਲ ਨਾ ਲਾਈਏ ।
ਕਾਫਲਿਆਂ ਸੰਗ ਤੁਰੇ ਰਹਿਣ ਦੀ, ਸੁੱਚੀ ਪਿਰਤ ਨਿਭਾਈਏ ।
ਨ੍ਹੇਰਿਆਂ ਔਟੇ ਰਾਹੀਂ ਜਗਦੇ, ਅੱਖਰ ਧਰਦੇ ਜਾਈਏ ।

ਹੱਕ-ਹਰਫ ਨੂੰ ਕੌਣ ਮਿਟਾਵੇ, ਉਚੀ ਆਖ ਸੁਣਾਈਏ ।
ਸਮਿਆਂ ਦੀ ਬੇਕਿਰਕ ਸਲੀਬੋਂ, ਸੱਚ ਮਸੀਹਾ ਲਾਹੀਏ ।
ਬੇਸ਼ਕ ਆਪਣਾ ਭੁੱਗਾ ਸੜਿਆ, ਪਿੰਡ ਦੀ ਖੈਰ ਮਨਾਈਏ ।
ਉਠ ਬੁੱਲ੍ਹਿਆ, ਛੱਡ ਸੁਰਾਂ ਮਾਤਮੀ, ਸੱਚ ਸਮੇਂ ਦਾ ਗਾਈਏ ।

ਅਣਕੀਤੇ ਜੁਰਮਾਂ ਦੀਆਂ ਸਾਥੋਂ, ਭੋਗ ਨਾ ਹੋਣ ਸਜ਼ਾਵਾਂ ।
ਦੱਸ ਬੁੱਲ੍ਹਿਆ ! ਤੈਨੂੰ ਪਿੰਡੋਂ ਬਾਹਰ, ਕਿੱਥੇ ਮੈਂ ਛੱਡ ਆਵਾਂ ।

---

ਕੱਲ੍ਹ ਦਾ ਆਇਆ ਮੇਲ ਸੁਣੀਂਦਾ,
ਸੁਰਮਾ ਸਭ ਨੇ ਪਾਇਆ ।
ਗਹਿਣੇ ਗੱਟੇ ਸਭ ਦੇ ਸੋਂਹਦੇ,
ਵਿਆਹੁਲਾ ਰੰਗ ਵਟਾਇਆ ।
ਮੁੰਡੇ ਦੀ ਮਾਮੀ ਨੇ,
ਗਿੱਧਾ ਖੂਬ ਰਚਾਇਆ ।


## SUPER Photo Studio

9375-120th St.(Scott Rd.), Delta Ph. 589-4668

ਵਿਆਹ ਸ਼ਾਦੀ ਆਦਿ ਤੇ ਜ਼ਿੰਦਗੀ ਦੇ ਸਭ ਤੋਂ ਸੁਨਹਿਰੀ ਪਲਾਂ ਨੂੰ ਸੁਚੱਜੇ ਚਿਤਰਾਂ ਵਿਚ ਰੂਪਮਾਨ ਕਰਨ ਲਈ ਇਕ ਤਜਰਬੇਕਾਰ ਫੋਟੋ ਗਰਾਫਰ ਦੀ ਲੋੜ ਪੈਂਦੀ ਹੈ
ਸੁਪਰ ਫੋਟੋ ਸਟੂਡੀਓ ਤੁਹਾਡੀ ਇਸ ਲੋੜ ਨੂੰ ਪੂਰੀ ਕਰੇਗਾ

93

Passport Photos in 5 minutes
We are specialized in Wedding and Family photos



## ਔਲੀਵਰ ਵਿਚ ਨਵਾਂ ਫਰੂਟ ਸਟੈਂਡ
## ਪਨੋਰਮਾ ਆਰਚਰਡ

ਜਿਥੋਂ ਤੁਹਾਨੂੰ ਹਰ ਕਿਸਮ ਦੀਆਂ ਸਬਜ਼ੀਆਂ ਤੇ ਫਲ ਮਿਲ ਸਕਦੇ ਹਨ
ਹਿੰਦੁਸਤਾਨੀ ਗਰੌਸਰੀ ਵੀ ਮਿਲ ਸਕਦੀ ਹੈ — ਆਟਾ, ਖੰਡ, ਚਾਹ ਤੇ ਦਾਲਾਂ, — ਸਸਤੇ ਭਾਅ ਉਤੇ ਖਰੀਦੋ

**Panaroma Orchard**
**Fruit Stand**

Vegetables, Fruit — Apples (Golden and Red), Mangoes, Oranges etc.

Panaroma Orchards
RR2, 97 HWY.
OLIVER, B.C.
PH. 498-3132





Gurdial Singh(Gaddey)

## Super Star Plumbing & Electrical Heating Supply Ltd.

4270 Fraser Street, Vancouver, B.C.

**Phone 874-0511**

ਆਪਣੀਆਂ ਹਰ ਤਰ੍ਹਾਂ ਦੀਆਂ ਪਲੰਬਿੰਗ ਅਤੇ ਬਿਜਲੀ ਦੇ ਸਮਾਨ ਆਦਿ ਦੀਆਂ ਲੋੜਾਂ ਲਈ ਹਮੇਸ਼ਾਂ ਸੁਪਰਸਟਾਰ ਪਲੰਬਿੰਗ ਵਾਲਿਆਂ ਨੂੰ ਯਾਦ ਰੱਖੋ। ਐਸਟੀਮੇਟ ਮੁਫਤ ਦਿਤਾ ਜਾਂਦਾ ਹੈ।

ਅਸੀਂ ਨਵੇਂ ਤੇ ਪੁਰਾਣੇ ਘਰਾਂ ਦੀ ਪਲੰਬਿੰਗ ਅਤੇ ਬਿਜਲੀ ਦਾ ਤਸੱਲੀਬਖ਼ਸ਼ ਕੰਮ ਕਰਦੇ ਹਾਂ

# Wenman Opens His Office At Langley




Mr. Bob Wenman is among 12 contestents for Socred leadership. He opened his election office at Langley last week. He is considered to be a compromising candidate by political pundits and they hope he will emerge as the winner.




Tory exective committee member Sunil Ahuja with Bob Wenman, M.P.

## ਅਗਲੇ ਹਫ਼ਤੇ ਦੀ ਛੁੱਟੀ ਦਾ ਐਲਾਨ

'ਕੈਨੇਡਾ ਦਰਪਣ' ਦਾ ਸਟਾਫ ਛੁੱਟੀ ਤੇ ਜਾਣ ਕਾਰਨ ਅਗਲੇ ਹਫਤੇ 'ਕੈਨੇਡਾ ਦਰਪਣ' ਮਾਰਕੀਟ ਵਿਚ ਨਹੀਂ ਆਵੇਗਾ। ਪਾਠਕ ਅਤੇ ਵਪਾਰੀ ਵੀਰ ਨੋਟ ਕਰ ਲੈਣ।

(ਸਰਕੂਲੇਸ਼ਨ ਮੈਨੇਜਰ)

## ਹਜ਼ਾਰਾਂ ਡਾਲਰਾਂ ਵਿਚ ਖੇਡਣਾ ਚਾਹੁੰਦੇ ਹੋ?

ਸਾਨੂੰ ਅਜਿਹੇ ਵਿਅਕਤੀਆਂ ਦੀ ਲੋੜ ਹੈ ਜਿਨ੍ਹਾਂ ਨੂੰ ਪੈਸੇ ਕਮਾਉਣ ਦੀ ਇੱਛਾ ਹੈ ਅਤੇ ਜੋ ਆਜ਼ਾਦੀ ਨਾਲ ਕੰਮ ਕਰਨ ਦੇ ਇੱਛੁਕ ਹਨ — ਇਕ ਵੱਧ ਫੁਲ ਰਹੀ ਕੰਪਨੀ ਅਜਿਹੇ ਵਿਅਕਤੀਆਂ ਦਾ ਸੁਆਗਤ ਕਰੇਗੀ

ਕਮਾਓ

400—1200 ਡਾਲਰ ਮਹੀਨਾ
(ਪਾਰਟ ਟਾਈਮ ਕੰਮ ਕਰਕੇ)

3000—8000 ਡਾਲਰ ਮਹੀਨਾ
(ਪੂਰਾ ਸਮਾਂ ਕੰਮ ਕਰਕੇ)

ਹੋਰ ਜਾਣਕਾਰੀ ਲਓ

ਫ਼ੋਨ ਕਰੋ : (ਸ਼ਾਮ ਦੇ 4 ਵਜੇ ਤੋਂ 7 ਵਜੇ ਤੱਕ)

ਜਸ

463-7025 ਜਾਂ

526-3365

## ਕੌਂਟਰਾ ਭਗੌੜਿਆਂ ਨੂੰ ਅਮਰੀਕਨ ਸਹਾਇਤਾ ਬੰਦ ਕਰੋ

ਵਾਸ਼ਿੰਗਟਨ — ਨਿਕਾਰਗੁਆ ਦੀਆਂ ਦੇਸ਼ ਭਗਤਕ ਫੌਜਾਂ ਪਿਛਲੇ ਦਿਨੀਂ ਜੋ ਪੱਛਮੀ ਜਰਮਨੀ ਦੇ ਵਿਦਿਆਰਥੀ ਅਮਰੀਕਾ ਪਿਠੂ ਕੌਂਟਰਾ ਤੋਂ ਮੁਕਤ ਕਰਾਏ ਸਨ, ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਕੌਂਟਰਾ ਦਹਿਸ਼ਤਪਸੰਦ ਤਨਜੀਮ ਹੈ ਇਸ ਨੂੰ ਸੌ ਮਿਲੀਅਨ ਦੀ ਅਮਰੀਕਨ ਸਹਾਇਤਾ ਨਹੀਂ ਦਿਤੀ ਜਾਣੀ ਚਾਹੀਦੀ। ਇਹ ਪ੍ਰੈਸ ਕਾਨਫਰੰਸ ਓਕਸਫਾਮ ਅਮਰੀਕਾ ਅਤੇ ਹੋਰ ਮਾਨਵਵਾਦੀ ਜਥੇਬੰਦੀਆਂ ਵਲੋਂ ਸੱਦੀ ਗਈ ਸੀ। ਏਸੇ ਮੌਕੇ ਅਮਰੀਕਨ ਕਾਂਗਰਸ ਕੌਂਟਰਾ ਦੀ ਮਦਦ ਬਾਰੇ ਪ੍ਰਧਾਨ ਰੇਗਨ ਦੀ ਬੇਨਤੀ ਉਪਰ ਬਹਿਸ ਵੀ ਕਰ ਰਹੀ ਸੀ।

**ਛਪਦੇ ਛਪਦੇ : ਮਾਮੂਲੀ ਜਿਹੀ ਬਹੁਗਿਣਤੀ ਨਾਲ ਰੇਗਨ ਦੀ ਸੌ ਮਿਲੀਅਨ ਦੀ ਬੇਨਤੀ ਅਮਰੀਕਨ ਕਾਂਗਰਸ ਨੇ ਪਾਸ ਕਰ ਦਿੱਤੀ।**

ਪ੍ਰੀਤ-ਨਗਰ ਦਾ ਜਿਨ੍ਹਾਂ ਪੰਧ ਮੁਕਾ ਲੈਨਾਂ,
ਉਹਨਾਂ ਹੀ ਹੋ ਜਾਂਦਾ ਹੋਰ ਲੰਮੇਰਾ ਏ।
ਆ ਰਲ ਮਿਲ ਕੇ ਪ੍ਰੀਤ ਦੇ ਥੌਬੇ ਲਾ ਲਈਏ,
ਪ੍ਰੀਤ-ਮਹਿਲ ਦਾ ਖੁਰਦਾ ਪਿਆ ਬਨੇਰਾ ਏ।
ਪਿਆਰ ਤੇਰੇ ਦਾ ਸੂਰਜ ਤੀਰ ਮੁਕਾ ਬੈਠੇ,
ਇਸ਼ਕ ਮੇਰੇ ਦਾ ਹੋਇਆ ਅਜੇ ਸਵੇਰਾ ਏ।

## ਮੈਟਰੀਮੋਨੀਅਲ

ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ :

**A S C**
**C/0 Canada Darpan**
**Box 67344 Stn. 0**
**Vancouver, B.C. V5W 3T1**



ਗੁਰਦੀਪ (ਗੋਰਡੀ) ਮੁੱਤੀ

ਨਿਊਵੈਸਟਮਨਿਸਟਰ ਲਿੰਕਨ ਮਰਕਰੀ ਗੁਰਦੀਪ (ਗੋਰਡੀ) ਮੁੱਤੀ ਨੂੰ ਸੇਲਜ਼ ਕੰਸਲਟੈਂਟ ਨਿਯੁਕਤ ਕਰਦਿਆਂ ਖੁਸ਼ੀ ਮਹਿਸੂਸ ਕਰਦਾ ਹੈ। ਗੁਰਦੀਪ (ਗੋਰਡੀ) ਮੁੱਤੀ ਇਸ ਮੌਕੇ ਉਤੇ ਆਪਣੇ ਸਾਰੇ ਦੋਸਤਾਂ ਨੂੰ ਸੱਦਾ-ਪੱਤਰ ਦਿੰਦਾ ਹੈ ਕਿ ਉਹ ਉਸ ਨਾਲ ਆ ਕੇ ਕੌਫੀ ਪੀਣ ਅਤੇ ਉਸ ਨਾਲ ਮਰਕਰੀ ਲਿੰਕਨ ਕਾਰਾਂ ਅਤੇ ਫੋਰਡ ਟਰੱਕਾਂ ਦੀਆਂ ਲੰਮੀਆਂ ਕਤਾਰਾਂ ਨੂੰ ਵੀ ਪਰਖਣ।

ਉਹ ਤੁਹਾਨੂੰ ਪੁਰਾਣੀਆਂ ਕਾਰਾਂ ਅਤੇ ਟਰੱਕ ਵੀ ਵਖਾਉਣਗੇ। ਇਥੋਂ ਤਕ ਕਿ ਘਟ ਤੋਂ ਘਟ 299 ਡਾਲਰ ਤਕ ਦੀਆਂ ਕਾਰਾਂ ਵੀ ਤੁਸੀਂ ਦੇਖ ਸਕੋਗੇ।

ਹੁਣੇ ਹੀ ਪਹੁੰਚੋ ਜਾਂ ਅੱਜ ਹੀ ਫੋਨ ਕਰੋ :

**Gurdip (Gordi) Mutti**

MERCURY
LINCOLN

**Ph. 520-3055**

# New-West Lincoln Mercury

**12th & 3rd Ave. New Westminister, B.C.**

Vancouver to
From

Toronto $369.00
Montreal $399.00
Winnipeg $199.00
Calgary $119.00
Edmonton $119.00

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ



Travel to India, Pakista Europe &

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*

**Fourways Travel Limited**
9341 - 120 St., (Scott Rd.) Delta, B.C.
Ph. (604) 584-1411

Anywhere in the world.

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ



# KAHLON IMPORT AUTO SERVICE
## I.C.B.C. CLAIMS ACCEPTED

11965-95th Ave. & Scott Road, Delta. Ph.:585-1242

**COMPLETE AUTOMOTIVE REPAIRS**




Special
Free oil change with every TUNE-UP



MUBARAK KAHLON
ਮੁਬਾਰਕ ਕਾਹਲੋਂ

Japanese — British — European
Licensed Mechanic
* Engine Rebuilding
* Cylinder Heads
* Tune Ups * Brakes
* Carburators & Clutch overhalls
* Automatic Transmissions

Free Estimates — Low Prices — All work guaranteed
Come and see us, we are here




ਹਰ ਕਿਸਮ ਦਾ ਮਕੈਨੀਕਲ ਕੰਮ ਤਸੱਲੀ ਬਖਸ਼ ਕੀਤਾ ਜਾਂਦਾ ਹੈ

ਕਾਹਲੋਂ ਇੰਮਪੋਰਟ ਔਟੋ ਸਰਵਿਸ

PH.:585-1242 D.



# MINT AUTO BODY LTD.

5590 Lane Street, Burnaby, B.C. V5H 2H5

- Complete Professional Auto Body Repairs and Refinishing on all makes and models
- I.C.B.C. claims handled promptly
- Complete framework
- UNI - BODY repairs
- All work conditionally guaranteed
- Free estimates
- Courtesy cars



ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ

For further information call:
**Phone: 433-1207** Bhupinder(Bob) Sihota





Main Street Clothing Manufacturer

# SAVE ON CLOTHING

You've Never Seen Prices in B.C. Like This Before

TWO LOCATIONS

3293 Main St. (at 17th Ave.)
Vancouver, B.C. V5V 3M6
Ph. 872-3121

9377 - 120th St.
Scott Rd. & 93rd Ave.)
DELTA, B.C. V4C 6R9

*This coupon is worth:*
$2.00 OFF
on the purchase of any dress over $10.00

# Ambika Foods

5125 Victoria Dr

Ph. 3

## Sale Starts June

| | | | | |
|---|---|---|---|---|
| Vegetable Oil<br>ਵੈਜੀਟੇਬਲ ਤੇਲ<br>only 3 litre<br>$2.87 | Mazzola Corn Oil<br>ਮਜੌਲਾ ਮੱਕੀ ਦਾ ਤੇਲ<br>only 3 litre<br>$5.89 | Vegetable Oil<br>ਵੈਜੀਟੇਬਲ ਤੇਲ<br>only 16 litre<br>$12.99 pail | Sun Flower Oil<br>ਸਨ ਫਲਾਵਰ ਆਇਲ<br>only 16 litre<br>$19.99 pail | Sun Flower Oil<br>ਸਨ ਫਲਾਵਰ ਆਇਲ<br>only 3 litre<br>$3.99 |
| Colonial Halal Mutton<br>ਹਲਾਲ ਮਟਨ<br>only<br>$1.29 can | Koki Corned Mutton<br>ਕੋਕੀ ਕੌਰਨਡ ਮਟਨ<br>only<br>$1.29 can | Salisbury Corned Mutton<br>ਸੇਲਜ਼ਬਰੀ ਕੌਰਨਡ ਮਟਨ<br>only<br>$1.29 can | Lamb Chops<br>ਲੈਂਬ ਚੌਪ<br>only<br>$1.29 lb. | Chicken Drumstick<br>ਚਿਕਨ ਡਰੰਮਸਟਿਕ<br>99¢ lb |
| Punjabi Tinda<br>ਪੰਜਾਬੀ ਟੀਂਡਾ<br>79¢ tin | Karela<br>ਕਰੇਲਾ<br>69¢ tin | Rooh Afza<br>Hamdard<br>ਰੂਹ ਅਫਜ਼ਾ<br>$2.99 bottle | Curried Patra<br>ਪਾਤਰਾ<br>99¢ tin | Jimikand (Yam)<br>ਜ਼ਿਮੀਕੰਦ<br>89¢ tin |

### GRIND YOUR OWN MASALA

| | | | | |
|---|---|---|---|---|
| Jeera<br>ਜ਼ੀਰਾ<br>98¢ lb. | Dhania<br>ਧਨੀਆ<br>89¢ lb. | Methe<br>ਮੇਥੇ<br>59¢ lb. | Ginger Powder<br>ਸੁੰਢ<br>99¢ lb. | Haldi<br>ਹਲਦੀ<br>89¢ lb. |

### DAL

| | | | | |
|---|---|---|---|---|
| Urad Manh<br>ਮਾਂਹ<br>29¢ lb. | Moong<br>ਮੂੰਗੀ<br>29¢ lb. | Chana Dal<br>ਛੋਲਿਆਂ ਦੀ ਦਾਲ<br>37¢ lb. | Australian Moth<br>ਮੋਠ<br>37¢ lb. | Moong Split Dal<br>ਦਲਵੀਂ ਮੂੰਗੀ<br>37¢ lb. |

For your marriage party or other parties — Kitchen facilities available for cooking — Day to day rental basis — cooking assistance available, too — cook yourself and save money.

Book in advance Ph. 327-0295

# Anniversary Sale

## Vancouver, B.C.

## 7-0295

## 15 - July 10, 1986

| | | | | |
|---|---|---|---|---|
| Farine Roti Atta 10 kg. ਫਰੀਨ ਰੋਟੀ ਆਟਾ only $4.89 | Chana Flour (Besan) ਬੇਸਣ only 2 kg. $2.39 | Pea Flour ਮਟਰਾਂ ਦਾ ਆਟਾ 2 kg. $1.49 | Corn Flour ਮੱਕੀ ਦਾ ਆਟਾ 2 kg. $1.49 | Tin Macken ਟੀਨ ਮੈਕਨ each 89¢ |
